TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਮੰਗਲਵਾਰ, 5 ਅਗਸਤ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 346 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਤੁਹਾਨੂੰ ਕਿਵੇਂ ਪਤਾ ਲੱਗਾ ਕਿ ਚੀਨ ਨੇ 2000 ਵਰਗ ਕਿਲੋਮੀਟਰ 'ਤੇ ਕਬਜ਼ਾ ਕੀਤਾ

### ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਨੂੰ ਝਾੜ

ਨਵੀਂ ਦਿੱਲੀ (ਲੋਕ ਬਾਣੀ)- ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਵੱਲੋਂ 'ਭਾਰਤ ਜੋੜੋ' ਯਾਤਰਾ ਦੌਰਾਨ ਭਾਰਤੀ ਫੌਜ ਬਾਰੇ ਕੀਤੀਆਂ ਕਥਿਤ ਨਿਰਾਦਰਯੋਗ ਟਿੱਪਣੀਆਂ ਲਈ ਕਾਂਗਰਸ ਆਗੂ ਦੀ ਤਿੱਖੀ ਨੁਕਤਾਚੀਨੀ ਕਰਦਿਆਂ ਕਿ ਜੇਕਰ ਤੁਸੀਂ ਸੱਚੇ ਭਾਰਤੀ ਹੋ, ਤਾਂ ਤੁਸੀਂ ਅਜਿਹਾ ਕੁਝ ਨਹੀਂ ਕਹਿੰਦੇ। ਹਾਲਾਂਕਿ ਸਰਬਉੱਚ ਕੋਰਟ ਨੇ ਇਸ ਮਾਮਲੇ ਵਿੱਚ ਲਖਨਊ ਦੀ ਇੱਕ ਅਦਾਲਤ ਵਿੱਚ ਗਾਂਧੀ ਵਿਰੁੱਧ ਕਾਰਵਾਈ 'ਤੇ ਰੋਕ ਲਗਾ ਦਿੱਤੀ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਆਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਅਤੇ ਮਾਮਲੇ ਵਿੱਚ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਕਿਹਾ, "ਤੁਸੀਂ ਵਿਰੋਧੀ ਧਿਰ ਦੇ ਨੇਤਾ ਹੋ। ਤੁਸੀਂ



ਆਪਣੀ ਗੱਲ ਸੰਸਦ ਵਿੱਚ ਕਹੋ, ਤੁਸੀਂ ਸੋਸ਼ਲ ਮੀਡੀਆ 'ਤੇ ਇਹ ਕਿਉਂ ਕਿਹਾ? ਤੁਹਾਨੂੰ ਕਿਵੇਂ ਪਤਾ ਲੱਗਦਾ ਹੈ ਕਿ 2000 ਵਰਗ ਕਿਲੋਮੀਟਰ ਜ਼ਮੀਨ 'ਤੇ ਚੀਨੀਆਂ ਨੇ ਕਬਜ਼ਾ ਕਰ ਲਿਆ ਹੈ, ਜੇਕਰ ਤੁਸੀਂ ਸੱਚੇ ਭਾਰਤੀ ਹੋ, ਤਾਂ ਤੁਸੀਂ ਅਜਿਹੀ ਗੱਲ ਨਹੀਂ ਕਹਿੰਦੇ।" ਅਲਾਹਾਬਾਦ ਹਾਈ ਕੋਰਟ ਨੇ 29 ਮਈ ਨੂੰ ਗਾਂਧੀ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਗਾਂਧੀ ਨੇ ਪਟੀਸ਼ਨ ਵਿਚ ਸੰਮਨ ਦੇ ਹੁਕਮ ਅਤੇ ਸ਼ਿਕਾਇਤ ਨੂੰ ਚੁਣੌਤੀ ਦਿੱਤੀ ਸੀ ਜਿਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਇਹ ਕੇਸ ਗਲਤ ਤਰੀਕੇ ਨਾਲ ਦਰਜ ਕੀਤਾ ਗਿਆ ਸੀ। ਇੱਥੋਂ ਦੀ ਇੱਕ ਅਦਾਲਤ ਵਿੱਚ ਦਾਇਰ ਆਪਣੀ ਪਟੀਸ਼ਨ ਵਿੱਚ ਸ਼ਿਕਾਇਤਕਰਤਾ ਉਦੈ ਸ਼ੰਕਰ ਸ੍ਰੀਵਾਸਤਵ ਨੇ ਦੋਸ਼ ਲਗਾਇਆ ਕਿ ਦਸੰਬਰ 2022 ਵਿਚ ਕੱਢੀ ਯਾਤਰਾ ਦੌਰਾਨ ਗਾਂਧੀ ਨੇ ਚੀਨ ਨਾਲ ਜਾਰੀ ਸਰਹੱਦੀ ਟਕਰਾਅ ਦੇ ਸੰਦਰਭ ਵਿੱਚ ਭਾਰਤੀ ਫੌਜ ਬਾਰੇ ਕਈ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ।

## 'ਉਸ ਨੇ ਮੇਰੇ ਮੂੰਹ 'ਤੇ ਸਾਮਾਨ ਮਾਰਿਆ': ਸਪਾਈਸਜੈੱਟ ਮੁਲਾਜ਼ਮ ਨੇ ਦਿੱਤੇ ਘਟਨਾ ਦੇ ਵੇਰਵੇ

ਸ੍ਰੀਨਗਰ (ਲੋਕ ਬਾਣੀ)- ਸਪਾਈਸਜੈੱਟ ਮੁਲਾਜ਼ਮ ਮੁਦੱਸਿਰ ਅਹਿਮਦ, ਜਿਸ 'ਤੇ ਸ੍ਰੀਨਗਰ ਹਵਾਈ ਅੱਡੇ 'ਤੇ ਇੱਕ ਫੌਜ ਅਧਿਕਾਰੀ ਨੇ ਹਮਲਾ ਕੀਤਾ ਸੀ, ਨੇ ਸੋਮਵਾਰ ਨੂੰ ਹੋਈ ਹਿੰਸਕ ਘਟਨਾ ਨੂੰ ਚੇਤੇ ਕਰਦਿਆਂ ਕਿਹਾ ਕਿ ਫੌਜੀ ਅਧਿਕਾਰੀ ਨੇ ਉਸ ਵੱਲੋਂ ਵਾਧੂ ਸਾਮਾਨ ਲਈ ਅਦਾਇਗੀ ਕਰਨ ਲਈ ਆਖੇ ਜਾਣ 'ਤੇ ਉਸ ਦੇ ਮੂੰਹ 'ਤੇ ਸਾਮਾਨ ਮਾਰਦਿਆਂ ਹਮਲਾ ਕਰ ਦਿੱਤਾ। ਮੁਦੱਸਿਰ ਅਹਿਮਦ ਨੇ ਦੱਸਿਆ, ਉਸਨੇ ਮੇਰੇ ਮੂੰਹ 'ਤੇ ਸਾਮਾਨ ਮਾਰਿਆ। ਉਸਨੇ ਮੈਨੂੰ ਥੱਪੜ ਮਾਰਿਆ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਉਸਨੇ ਮੈਨੂੰ ਮਾਰਨ ਲਈ ਆਪਣੀ ਘਸੁੰਨਾਂ ਅਤੇ ਠੁੱਡਾਂ ਦੀ ਵਰਤੋਂ ਕੀਤੀ। ਅੰਤ ਵਿੱਚ, ਉਸਨੇ ਮੈਨੂੰ ਮੁੱਕਾ ਮਾਰਿਆ ਅਤੇ ਮੈਂ ਡਿੱਗ ਪਿਆ। ਗ਼ੌਰਤਲਬ ਹੈ ਕਿ ਹਮਲੇ ਕਾਰਨ ਸਪਾਈਸਜੈੱਟ ਕਰਮਚਾਰੀ ਦੀ ਰੀੜ੍ਹ ਦੀ ਹੱਡੀ ਟੁੱਟ ਗਈ ਹੈ।

## ਭਾਰਤ-ਪਾਕਿ ਜੰਗ ਰੁਕਵਾਉਣ ਦਾ ਦਾਅਵਾ ਮੁੜ ਦੁਹਰਾਇਆ

ਵਾਸ਼ਿੰਗਟਨ (ਲੋਕ ਬਾਣੀ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਇੱਕ ਵਾਰ ਫਿਰ ਦੁਨੀਆ ਭਰ 'ਚ ਜੰਗਾਂ ਰੋਕਣ ਦਾ ਸਿਹਰਾ ਲਿਆ ਜਿਨ੍ਹਾਂ 'ਚ ਪਿੱਛੇ ਜਿਹੇ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਇਆ ਜੰਗੀ ਟਕਰਾਅ ਵੀ ਸ਼ਾਮਲ ਹੈ। ਟਰੰਪ ਨੇ 10 ਮਈ ਜਦੋਂ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਸੀ ਕਿ ਭਾਰਤ ਅਤੇ ਪਾਕਿਸਤਾਨ ਵਾਸ਼ਿੰਗਟਨ ਦੀ ਵਿਚੋਲਗੀ ਵਿੱਚ ਹੋਈ ਗੱਲਬਾਤ ਮਗਰੋਂ "ਪੂਰੀ ਤਰ੍ਹਾਂ ਅਤੇ ਤੁਰੰਤ" ਜੰਗਬੰਦੀ ਲਈ ਸਹਿਮਤ ਹੋ ਗਏ ਹਨ, ਤੋਂ ਲੈ ਕੇ ਹੁਣ ਤੱਕ ਕਈ ਆਪਣਾ ਇਹ ਦਾਅਵਾ ਦੁਹਰਾਇਆ ਹੈ। ਡੋਨਲਡ ਟਰੰਪ ਨੇ ਸੱਜਰਾ ਦਾਅਵਾ White House Press Secretary Karoline Leavitt ਵੱਲੋਂ ਇਹ ਆਖੇ ਜਾਣ ਕਿ ਟਰੰਪ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਏ ਵਿਵਾਦ ਸਮੇਤ ਦੁਨੀਆ ਭਰ ਵਿੱਚ ਕਈ ਟਕਰਾਵਾਂ ਨੂੰ ਖਤਮ ਕਰਨ ਲਈ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਜਾਣਾ ਚਾਹੀਦਾ ਹੈ, ਤੋਂ ਬਾਅਦ ਦੁਹਰਾਇਆ ਹੈ।

## ਪਹਿਲਗਾਮ ਹਮਲਾਵਰਾਂ ਦੀ ਪਾਕਿਸਤਾਨੀ ਨਾਗਰਿਕਤਾ ਬਾਰੇ ਪੁਸ਼ਟੀ ਕਰਦੇ ਸਬੂਤ ਸੁਰੱਖਿਆ ਏਜੰਸੀਆਂ ਨੇ ਇਕੱਠੇ ਕੀਤੇ

### 22 ਅਪਰੈਲ ਨੂੰ ਪਹਿਲਗਾਮ ਦੇ ਬੈਸਰਨ ਮੈਦਾਨ ਵਿੱਚ ਹੋਇਆ ਸੀ ਹਮਲਾ

ਸ੍ਰੀਨਗਰ (ਲੋਕ ਬਾਣੀ)-ਸੁਰੱਖਿਆ ਏਜੰਸੀਆਂ ਨੇ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਦਸਤਾਵੇਜ਼ਾਂ ਅਤੇ ਬਾਇਓਮੈਟ੍ਰਿਕ ਡਾਟਾ ਸਮੇਤ ਅਜਿਹੇ ਸਬੂਤ ਇਕੱਠੇ ਕੀਤੇ ਹਨ, ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਹਿਲਗਾਮ ਦੇ ਘਾਤਕ ਹਮਲੇ ਵਿੱਚ ਸ਼ਾਮਲ ਤਿੰਨੋਂ ਮਾਰੇ ਗਏ ਵਿਦੇਸ਼ੀ ਅਤਿਵਾਦੀ ਪਾਕਿਸਤਾਨੀ ਨਾਗਰਿਕ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਸੋਮਵਾਰ ਨੂੰ ਦਿੱਤੀ ਹੈ। ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਾਰਕੁੰਨਾਂ ਵਜੋਂ ਪਛਾਣੇ ਗਏ ਇਹ ਅਤਿਵਾਦੀ 28 ਜੁਲਾਈ ਨੂੰ ਸ੍ਰੀਨਗਰ ਦੇ ਬਾਹਰਵਾਰ ਡਾਚੀਗਾਮ ਦੇ ਜੰਗਲ ਵਿੱਚ ਅਪਰੇਸ਼ਨ 'ਮਹਾਦੇਵ' ਦੌਰਾਨ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਸਨ। ਉਹ 22 ਅਪਰੈਲ ਨੂੰ ਪਹਿਲਗਾਮ ਦੇ ਬੈਸਰਨ ਮੈਦਾਨ ਵਿੱਚ ਹੋਏ ਹਮਲੇ ਤੋਂ ਬਾਅਦ ਡਾਚੀਗਾਮ-ਹਰਵਾਨ ਜੰਗਲੀ ਖੇਤਰ ਵਿੱਚ ਲੁਕੇ ਹੋਏ ਸਨ। ਅਧਿਕਾਰੀਆਂ ਨੇ ਕਿਹਾ ਕਿ ਇਕੱਠੇ ਕੀਤੇ ਗਏ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਅਤਿਵਾਦੀਆਂ ਵਿੱਚ ਕੋਈ



ਵੀ ਸਥਾਨਕ ਨਿਵਾਸੀ ਸ਼ਾਮਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਨੈਸ਼ਨਲ ਡਾਟਾਬੇਸ ਐਂਡ ਰਜਿਸਟ੍ਰੇਸ਼ਨ ਅਥਾਰਟੀ (ਨਾਡਰਾ) ਦੇ ਬਾਇਓਮੈਟ੍ਰਿਕ ਰਿਕਾਰਡ, ਵੋਟਰ ਪਛਾਣ ਪਰਚੀਆਂ ਅਤੇ ਡਿਜੀਟਲ ਸੈਟੇਲਾਈਟ ਫੋਨ ਡਾਟਾ, ਜਿਸ ਵਿੱਚ ਲੌਗ ਅਤੇ ਜੀਪੀਐੱਸ ਵੇਅ-ਪੁਆਇੰਟ ਸ਼ਾਮਲ ਹਨ, ਸੁਰੱਖਿਆ ਏਜੰਸੀਆਂ ਵੱਲੋਂ ਇਕੱਠੇ ਕੀਤੇ ਗਏ ਪੁਖਤਾ ਸਬੂਤਾਂ ਵਿੱਚੋਂ ਹਨ ਜੋ ਤਿੰਨਾਂ ਅਤਿਵਾਦੀਆਂ ਦੀ ਪਾਕਿਸਤਾਨੀ ਨਾਗਰਿਕਤਾ ਦੀ ਪੁਸ਼ਟੀ ਕਰਦੇ ਹਨ।

## ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਦੇਹਾਂਤ

### ਸੂਬੇ 'ਚ ਤਿੰਨ ਦਿਨਾ ਰਾਜਕੀ ਸੋਗ ਦਾ ਐਲਾਨ

ਰਾਂਚੀ (ਲੋਕ ਬਾਣੀ)-ਝਾਰਖੰਡ ਮੁਕਤੀ ਮੋਰਚਾ ਦੇ ਸੁਪਰੀਮੋ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ(81) ਦਾ ਅੱਜ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਐਕਸ 'ਤੇ ਇਕ ਪੋਸਟ ਵਿਚ ਆਪਣੇ ਪਿਤਾ ਦੇ ਦੇਹਾਂਤ ਦੀ ਖ਼ਬਰ ਸਾਂਝੀ ਕੀਤੀ ਹੈ। ਝਾਰਖੰਡ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੇ ਸਨਮਾਨ ਵਿੱਚ ਤਿੰਨ ਦਿਨਾਂ ਦੇ ਰਾਜਕੀ ਸੋਗ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਨੇ ਇਸ ਸਮੇਂ ਦੌਰਾਨ ਆਪਣੇ ਸਾਰੇ ਨਿਰਧਾਰਤ ਪ੍ਰੋਗਰਾਮ ਵੀ ਰੱਦ ਕਰ ਦਿੱਤੇ ਹਨ। ਉਧਰ ਝਾਰਖੰਡ ਅਸੈਂਬਲੀ ਨੂੰ ਵੀ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਅਸੈਂਬਲੀ ਦਾ ਪੰਜ ਦਿਨਾ ਮੌਨਸੂਨ ਸੈਸ਼ਨ ਇਕ ਅਗਸਤ ਤੋਂ ਸ਼ੁਰੂ ਹੋਇਆ ਸੀ। ਇਕ



ਬਿਆਨ ਮੁਤਾਬਕ ਸਾਰੇ ਰਾਜ ਸਰਕਾਰੀ ਦਫ਼ਤਰ 4 ਅਤੇ 5 ਅਗਸਤ ਨੂੰ ਬੰਦ ਰਹਿਣਗੇ। ਇਸ ਦੌਰਾਨ ਝਾਰਖੰਡ ਦੀਆਂ ਸਾਰੀਆਂ ਇਮਾਰਤਾਂ 'ਤੇ ਰਾਸ਼ਟਰੀ ਝੰਡਾ ਅੱਧਾ ਝੁਕਿਆ ਰਹੇਗਾ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਸਣੇ ਹੋਰਨਾਂ ਸਿਆਸੀ ਹਸਤੀਆਂ ਨੇ ਸ਼ਿਬੂ ਸੋਰੇਨ ਦੇ ਅਕਾਲ ਚਲਾਣੇ 'ਤੇ ਦੁੱਖ ਜਤਾਇਆ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com






publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


ਲੋਕ ਬਾਣੀ

## ਮਹਿੰਗੇ ਮੁੱਲ ਅਜ਼ਾਦੀ

ਰਾਜਗੁਰੂ,ਸੁਖਦੇਵ,ਭਗਤ ਸਿੰਘ,
ਗਏ ਦੇਸ਼ ਤੋਂ ਜਾਨਾਂ ਵਾਰ ਬੀਬਾ।

ਲੈ ਮਹਿੰਗੇ ਮੁੱਲ ਅਜ਼ਾਦੀ ਦਿੱਤੀ,
ਸੀ ਡਾਹਢਾ ਦੇਸ਼ ਪਿਆਰ ਬੀਬਾ।

ਕੀ ਪਾਇਆ ਮੁੱਲ ਕੁਰਬਾਨੀ ਦਾ,
ਅਸੀਂ ਕਰਦੇ ਵਣਜ ਵਪਾਰ ਬੀਬਾ।

ਸਤਲੁਜ ਦੇ ਕੰਢਿਆਂ ਤੋਂ ਪੁੱਛ ਲੈ,
ਜਿੱਥੇ ਦਿੱਤੇ ਬੁੱਤ ਉਸਾਰ ਬੀਬਾ।

ਆ ਸਾਲ ਛਿਮਾਹੀ ਬਾਅਦ ਲੀਡਰ,
ਪਾ ਦਿੰਦੇ ਨੇ ਗਲ ਹਾਰ ਬੀਬਾ।

ਪਹਿਰਾ ਦੇਵਾਂਗੇ ਥੋਡੀ ਸੋਚ 'ਤੇ,
ਜਾਂਦੇ ਨੇ ਨਾਅਰਾ ਮਾਰ ਬੀਬਾ।

ਮੁੜ ਕੋਈ ਬਾਤ ਨਹੀਂ ਪੁੱਛਦਾ,
ਪਿਆ ਬੁੱਤਾਂ ਦੁਆਲੇ ਖਿਲਾਰ ਬੀਬਾ।

ਵੱਟਦੇ ਨੇ ਮੁੱਲ ਸ਼ਹੀਦਾਂ ਦਾ,
ਬਣ ਦੇਸ਼ ਦੇ ਕਈ ਗ਼ਦਾਰ ਬੀਬਾ।

ਜੇ 'ਪੱਤੋ' ਦੀ ਚੰਗੀ ਸੋਚ ਹੋਵੇ,
ਤਾਂ ਸੁਫ਼ਨੇ ਹੋਣ ਸਕਾਰ ਬੀਬਾ।

**ਹਰਪ੍ਰੀਤ ਪੱਤੋ,** *ਸੰਪਰਕ : 94658-21417*

# ਜ਼ਿੰਦਗੀ ਦੇ ਹਰ ਰੰਗ ਨੂੰ ਮੋਤੀਆਂ ਵਾਂਗ ਪਰੋਂਦਾ ਹੈ ਗੀਤਕਾਰ ਸੋਨੀ ਠੁੱਲੇਵਾਲ

## ਗੀਤ ਪੰਜਾਬ ਨਾਲ ਚਰਚਾ 'ਚ ਗੀਤਕਾਰ ਸੋਨੀ ਠੁੱਲੇਵਾਲ

ਲੋਕ ਬਾਣੀ

ਪੰਜਾਬੀ ਸੰਗੀਤ ਦੀ ਰੂਹ ਉਸਦੇ ਬੋਲ ਹਨ—ਤੇ ਉਹ ਬੋਲ ਉਸ ਗੀਤਕਾਰ ਦੀ ਕਲਮ ਤੋਂ ਨਿਕਲਦੇ ਹਨ ਜੋ ਜ਼ਿੰਦਗੀ ਦੇ ਰੰਗ, ਦਰਦ, ਪਿਆਰ, ਵਿਰਹ, ਜਵਾਨੀ ਤੇ ਰੂਹਾਨੀਅਤ ਨੂੰ ਸ਼ਬਦਾਂ 'ਚ ਪਰੋਂਦਾ ਹੈ।ਇੱਕ ਪੰਜਾਬੀ ਗੀਤਕਾਰ ਸਿਰਫ ਲਫ਼ਜ਼ ਨਹੀਂ ਲਿਖਦਾ, ਉਹ ਲੋਕਾਂ ਦੀ ਧੜਕਣ ਲਿਖਦਾ ਹੈ।ਅਜਿਹਾ ਹੀ ਗੀਤਕਾਰ ਸੋਨੀ ਠੁੱਲੇਵਾਲ ਹੈ, ਜੋ ਜ਼ਿੰਦਗੀ ਦੇ ਹਰ ਰੰਗ ਨੂੰ ਮੋਤੀਆਂ ਵਾਂਗ ਪਰੋਂਦਾ ਹੈ। ਗੀਤਕਾਰ ਸੋਨੀ ਠੁੱਲੇਵਾਲ ਨੇ ਆਪਣੀ ਚੰਗੀ ਲੇਖਣੀ ਸਕਦਾ ਮਾਲਵਾ ਦੇ ਜਿਲ੍ਹਾ ਬਰਨਾਲਾ ਦੇ ਪਿੰਡ ਠੁੱਲੇਵਾਲ ਤੋਂ ਬਾਲੀਵੁੱਡ ਤੱਕ ਆਪਣਾ ਨਾਮ ਸਥਾਪਿਤ ਕਰ ਚੁੱਕਾ ਹੈ। ਬਤੌਰ ਅਦਾਕਾਰ ਰਾਜ ਕੁੰਦਰਾ ਦੀ ਆ ਰਹੀ ਪਹਿਲੀ ਪੰਜਾਬੀ ਫਿਲਮ 'ਮੇਹਰ'ਦਾ ਗਾਇਕ ਜਸਵੀਰ ਜੱਸੀ ਦੀ ਅਵਾਜ਼ 'ਚ ਆਇਆ ਗੀਤ 'ਪੰਜਾਬ'ਨਾਲ ਗੀਤਕਾਰ ਸੋਨੀ ਠੁੱਲੇਵਾਲ ਫਿਰ ਤੋਂ ਚਰਚਾ ਵਿੱਚ ਹੈ।ਗੀਤਕਾਰ ਸੋਨੀ ਠੁੱਲੇਵਾਲ ਵੱਲੋਂ ਲਿਖੇ ਗੀਤਾਂ ਨੂੰ ਹੁਣ ਤੱਕ ਗਾਇਕ ਕੰਵਰ ਗਰੇਵਾਲ, ਸੋਨੂੰ ਨਿਗਮ, ਦਲੇਰ ਮਹਿੰਦੀ, ਰੌਸ਼ਨ ਪ੍ਰਿੰਸ, ਜਸਪਿੰਦਰ ਨਰੂਲਾ, ਗਾਇਕ ਜੁਵੀਨ ਨੌਟਿਆਲ, ਗਾਇਕ ਯੁਵਰਾਜ ਹੰਸ, ਗਾਇਕ ਜਾਵੇਦ ਅਲੀ, ਗਾਇਕ ਪਲਕ ਮੁਛਾਲ ਸਮੇਤ ਕਈ ਨਾਮਵਰ ਗਾਇਕਾਂ ਦੀ ਅਵਾਜ਼ ਵਿੱਚ ਗੀਤ ਆ ਚੁੱਕੇ ਹਨ। ਮਾਤਾ ਮਹਿੰਦਰ ਕੌਰ ਦੀ ਕੁੱਖੋਂ ਅਤੇ ਪਿਤਾ ਗੁਰਦੇਵ ਸਿੰਘ ਦੇ ਘਰ ਪੈਦਾ ਹੋਏ ਸੰਦੀਪ ਸਿੰਘ ਉਰਫ ਸੋਨੀ ਠੁੱਲੇਵਾਲ ਦਾ ਜੀਵਨ ਸ਼ੁਰੂ ਤੋਂ ਹੀ ਸੰਘਰਸ਼ ਭਰਿਆ ਰਿਹਾ ਹੈ, ਕਿਉਂ ਕਿ ਜਦੋਂ ਸੋਨੀ ਤਿੰਨ ਕੁ ਵਰਿਆ ਦਾ ਸੀ ਤਾਂ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ ਸੀ। ਜਿਸ ਕਾਰਨ ਸੋਨੀ ਨੂੰ ਘਰ ਅਤੇ ਆਪਣੀ ਪੜ੍ਹਾਈ ਦੇ ਖਰਚ ਲਈ ਪੜ੍ਹਦੇ ਸਮੇਂ ਤੋਂ ਹੀ ਬਤੌਰ ਫੋਟੋਗ੍ਰਾਫਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਸੋਨੀ ਦੀ ਕਲਾਤਮਿਕ ਫੋਟੋਗ੍ਰਾਫੀ ਅਤੇ ਕੁੱਝ ਨਵਾਂ ਕਰਨ ਦੀ ਸੋਚ ਸਦਕਾ ਉਹ ਉੱਘੇ ਗੀਤਕਾਰ ਅਤੇ ਅਦਾਕਾਰ ਰਾਜ ਕਾਕੜਾ ਦੀ ਟੀਮ ਦਾ ਹਿੱਸਾ ਬਣਿਆ, ਜਿਸ ਨੇ ਪਹਿਲੀ ਵਾਰ ਬਤੌਰ ਫੋਟੋਗ੍ਰਾਫਰ ਫ਼ਿਲਮ 'ਕੌਮ ਦੇ ਹੀਰੇ''ਚ ਕੰਮ ਕੀਤਾ। ਜਿਸ ਤੋਂ ਬਾਅਦ ਸੋਨੀ ਠੁੱਲੇਵਾਲ ਨੇ ਮੁੜ ਪਿਛਾਂਹ ਨਹੀਂ ਦੇਖਿਆ ਅਤੇ ਉਹ ਰਾਜ ਕਾਕੜਾ ਦੀ ਫ਼ਿਲਮ 'ਪੱਤਾ ਪੱਤਾ ਸਿੰਘਾ ਦਾ ਵੈਰੀ, ਹਰਭਜਨ ਮਾਨ ਦੀ ਫ਼ਿਲਮ 'ਗਦਾਰ', ਅਮਿਤੋਜ ਮਾਨ ਦੀ ਫ਼ਿਲਮ 'ਮੋਟਰ ਮਿੱਤਰਾਂ ਦੀ', ਹਰੀਸ਼ ਵਰਮਾਂ ਦੀ ਫ਼ਿਲਮ ਵਾਪਸੀ ਅਤੇ ਗਿੱਪੀ ਗਰੇਵਾਲ ਦੀ ਫ਼ਿਲਮ 'ਸੂਬੇਦਾਰ ਜੋਗਿੰਦਰ ਸਿੰਘ'ਆਦਿ 'ਚ ਬਤੌਰ ਫੋਟੋਗ੍ਰਾਫਰ ਤੇ ਪੋਸਟਰ ਡਿਜ਼ਾਈਨਿੰਗ ਦਾ ਕੰਮ ਕਰ ਚੁੱਕੇ ਹਨ। ਪੰਜਾਬੀ ਫਿਲਮਾਂ ਰੰਗ ਰੱਤਾ, ਇੱਕ ਸੰਧੂ ਹੁੰਦਾ ਸੀ, ਜਿੰਦੜੀ, ਗਿੱਦੜਸਿੰਗੀ, ਧੁੰਦਲੀ ਸਵੇਰ, ਪੌਣੇ ਨੌਂ, ਯਮਲਾ ਵਿੱਚ ਆ ਚੁੱਕੇ ਹਨ ਅਤੇ ਨਵੀਂ ਆ ਰਹੀ ਫਿਲਮ 'ਮੇਹਰ' ਦੇ ਸਾਰੇ ਗੀਤ ਵੀ ਸੋਨੀ ਠੁੱਲੇਵਾਲ ਦੇ ਲਿਖੇ ਹੋਏ ਹਨ।ਇਸ ਤੋਂ ਇਲਾਵਾ ਗੀਤਕਾਰ ਸੋਨੀ ਠੁੱਲੇਵਾਲ ਦੇ ਲਿਖੇ ਗੀਤ ਜਲਦੀ ਹੀ ਬਾਲੀਵੁੱਡ ਦੀਆਂ ਤਿੰਨ ਫਿਲਮਾਂ ਵਿੱਚ ਸੁਣਨ ਨੂੰ ਮਿਲਣਗੇ। ਰਾਜ ਕਾਕੜਾ ਨਾਲ ਰਹਿੰਦਿਆਂ ਸੋਨੀ ਸਿੰਘ ਨੇ ਨਿਰਦੇਸ਼ਨ 'ਚ ਵੀ ਗਿਆਨ ਹਾਸਲ ਕੀਤਾ ਅਤੇ ਆਪਣੇ ਪਰਮ ਮਿੱਤਰ ਨਵੀਨ ਜੇਠੀ ਨਾਲ ਮਿਲ ਕੇ 'ਕ੍ਰਿਏਟਿਵ ਕਰਿਊ' ਨਾਂ ਦੀ ਕੰਪਨੀ ਬਣਾਈ। ਸੋਨੀ ਸਿੰਘ ਠੁੱਲੇਵਾਲ ਬਤੌਰ ਨਿਰਦੇਸ਼ਕ ਰਾਜ ਕਾਕੜਾ ਦੇ ਗੀਤ 'ਮੇਰਾ ਪੰਜਾਬ', 'ਮਾਂ ਬੋਲੀ ਪੰਜਾਬੀ', ਗਾਇਕ ਕੰਵਰ ਗਰੇਵਾਲ ਦਾ ਗੀਤ ਜ਼ਮੀਰ, 'ਸੁਲਫ਼ਾ ਤੇ ਸੈਲਫ਼ੀ', 'ਅੰਬਰਸਰ ਤੇ ਲਾਹੌਰ', 'ਅਣਖੀ ਯੋਧੇ', 'ਮਾਤਾ ਗੁਜ਼ਰੀ ਦੇ ਪੋਤੇ', ਆਦਿ ਗੀਤਾਂ ਦੇ ਫਿਲਮਾਂਕਣ ਕਰ ਚੁੱਕਾ ਹੈ। ਇਸ ਤੋਂ ਇਲਾਵਾ ਸੋਨੀ ਸਿੰਘ ਠੁੱਲੇਵਾਲ ਦੇ ਲਿਖੇ ਗੀਤਾਂ ਨੂੰ ਗਾਇਕ ਮਹਿਤਾਬ ਵਿਰਕ, ਗਾਇਕ ਜੈਨੀ ਜੌਹਲ, ਗਾਇਕ ਸੱਜਣ ਅਦੀਬ, ਗਾਇਕ ਅਗਰੇਜ ਅਲੀ, ਗਾਇਕ ਕੰਵਰ ਗਰੇਵਾਲ, ਗਾਇਕ ਹਿੰਮਤ ਸੰਧੂ, ਗਾਇਕ ਜੀ ਖਾਨ, ਗਾਇਕ ਸਿਕੰਦਰ ਸਲੀਮ, ਗਾਇਕ ਸਿਪਰਾ ਗੋਇਲ, ਗਾਇਕ ਉਜਾਗਰ ਅੰਟਾਲ , ਗਾਇਕਾ ਅਵਿਰਾ ਨੇ ਆਪਣੀ ਅਵਾਜ਼ ਦਿੱਤੀ ਹੈ। ਗੀਤਕਾਰ ਸੋਨੀ ਠੁੱਲੇਵਾਲ ਦੇ ਨਵੇਂ ਲਿਖੇ ਇਬਾਦਤ- ਗਾਇਕ ਦਲੇਰ ਮਹਿੰਦੀ, ਯਾਰੀ- ਗਾਇਕ ਬੀ ਪਰਾਕ, ਜੁਦਾ - ਗਾਇਕ ਜੁਵੀਨ ਨੌਟਿਆਲ, ਯੋਗੀਆ- ਗਾਇਕ ਸੋਨੂੰ ਨਿਗਮ ਦੀ ਅਵਾਜ਼ ਵਿੱਚ ਸੁਣਨ ਨੂੰ ਮਿਲਣਗੇ।






**ਗੁਰਭਿੰਦਰ ਗੁਰੀ**
**Watsapp** +44 7951 590424

# ਸਵ: ਸ਼੍ਰੀਮਤੀ ਸੁਮਨ ਲੱਤਾ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਦਿੱਤੀ ਨਿੱਘੀ ਸ਼ਰਧਾਂਜਲੀ

## ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਵੱਲੋਂ ਕੀਤੇ ਗਏ ਸ਼ਰਧਾ ਦੇ ਫੁੱਲ ਭੇਂਟ

ਲੁਧਿਆਣਾ, ( ਸੁਖਚੈਨ ਮਹਿਰਾ) ਸਵ: ਸ਼੍ਰੀਮਤੀ ਸੁਮਨ ਲੱਤਾ ਸੁਸ਼ੀਲ ਕੁਮਾਰ ਦੀ ਪਤਨੀ ਅਤੇ ਸਾਬਕਾ ਕੌਂਸਲਰ ਰਾਜ ਮਹਿਰਾ ਦੀ ਭਤੀਜਿਓ ਨੂੰਹ ਜੋ ਕਿ ਪਿਛਲੇ ਦਿਨੀ 24 ਜੁਲਾਈ ਦਿਨ ਵੀਰਵਾਰ ਨੂੰ ਆਪਣੀ ਸੰਸਾਰੀਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਸਨ, ਮਹਿਰਾ ਪਰਿਵਾਰ ਵੱਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਗਰੜ ਪੁਰਾਣ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ ਨਿਊ ਮਾਡਲ ਟਾਊਨ ਸਨਾਤਨ ਧਰਮ ਮੰਦਰ ਲੁਧਿਆਣਾ ਵਿਖੇ ਕੀਤੀ ਗਈ । ਇਸ ਦੌਰਾਨ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਭਾਈਚਾਰੇ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ । ਇਸ ਮੌਕੇ ਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਐਮ ਐਲ ਏ ਅਸ਼ੋਕ ਪ੍ਰੈਸ਼ਰ ਪੱਪੀ ਨੇ ਸਵਰਗਵਾਸੀ ਸ੍ਰੀਮਤੀ ਸੁਮਨ ਲੱਤਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਕਿਹਾ ਰਾਜ ਮਹਿਰਾ ਦਾ ਪਰਿਵਾਰ ਸਮਾਜ ਸੇਵੀ ਕੰਮਾਂ ਨਾਲ ਜੁੜਿਆ ਹੋਇਆ ਹੈ ਸਮਾਜਿਕ ਕੰਮਾਂ ਨਾਲ ਜਾਣੇ ਜਾਂਦੇ ਹਨ ਮਹਿਰਾ ਪਰਿਵਾਰ ਇਸ ਮੌਕੇ ਸਭ ਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਐਮ ਐਲ ਏ ਕੁਲਵੰਤ ਸਿੰਘ ਸਿੱਧੂ, ਐਮ ਐਲ ਏ ਸ਼ੋਕ ਪ੍ਰੈਸ਼ਰ ਪੱਪੀ, ਸਾਬਕਾ ਐਸ ਪੀ ਧਰਮਵੀਰ ਸਿੰਘ ਮਹਿਰਾ , ਮਾਸਟਰ ਰਾਜ ਮਹਿਰਾ, ਪੱਤਰਕਾਰ ਸੁਖਚੈਨ ਮਹਿਰਾ, ਪੱਤਰਕਾਰ ਸੁਧੀਰ ਅਗਨੀਹੋਤਰੀ , ਪ੍ਰਧਾਨ ਓਮ ਪ੍ਰਕਾਸ਼, ਮਣੀ ਖੀਵਾ, ਸੱਤਪਾਲ ਅਰੋੜਾ, ਬਾਲ ਕਿਸ਼ਨ ਸ਼ਾਸਤਰੀ ਆਰੀਆ ਸਮਾਜ, ਹਰੀਸ਼ ਢਿੰਗਰਾ, ਕੁਲਦੀਪ ਮਹਿਰਾ, ਸਾਬਕਾ ਕੌਂਸਲਰ ਹੰਸਰਾਜ,ਸਾਬਕਾ ਕੌਂਸਲਰ ਬਲਜਿੰਦਰ ਸਿੰਘ ਬੰਟੀ , ਲਵਲੀ ਮਹਿਰਾ , ਰਵੀ, ਡਾਕਟਰ ਦੂਆ, ਹੈਪੀ ਘਾਈ, ਅਜੈ ਡੰਗ, ਰਾਜ ਚਾਵਲਾ, ਰਾਜੂ ਭਗਤ, ਰਾਜਕੁਮਾਰ, ਸ਼ਾਮ ਲਾਲ, ਤੇਜ ਵੀਰ ਜੋਹਰ, ਜੋਗਿੰਦਰ ਕੁਮਾਰ, ਪਵਨ ਖਰਬੰਦਾ, ਭੀਮ ਸੈਨ, ਟਿੰਕਾ, ਜੋਧਾ ਰਾਮ, ਮਾਸਟਰ ਜੀ, ਹਰਦੀਪ ਚਾਵਲਾ, ਸੁਰੇਸ਼ ਜਮਲਾ, ਕਾਲੀ ਭਗਤ, ਸਾਹਿਲ ਬਜਾਜ, ਧੀਰ ਕਲਾਥ ਹਾਊਸ, ਅਮਰਜੀਤ ਸਿੰਘ, ਰਵੀ ਨਿਸ਼ਾਦ, ਹੋਰ ਵੀ ਹਾਜ਼ਰ ਹੋਏ ਸਨ



# ਕਾਨਪੁਰ ਦੇ ਕੌਂਸਲਰਾਂ ਵੱਲੋਂ ਵਧੀਕ ਸ਼ਹਿਰ ਸਿਹਤ ਅਧਿਕਾਰੀ ਖ਼ਿਲਾ.ਫ ਪ੍ਰਦਰਸ਼ਨ, ਉਨ੍ਹਾਂ ਨੂੰ ਹਟਾਉਣ ਦੀ ਮੰਗ

ਸੁਨੀਲ ਬਾਜਪਾਈ, ਕਾਨਪੁਰ। ਸਵੇਰੇ 5:00 ਵਜੇ ਨਾ ਪਹੁੰਚਣ 'ਤੇ ਸਫਾਈ ਕਰਮਚਾਰੀਆਂ ਖ਼ ?ਲਾਫ਼ ਕਾਰਵਾਈ ਕਰਨ ਦਾ ਮੁੱਦਾ ਤੇਜ਼ ਹੋ ਗਿਆ ਹੈ। ਇਸ ਤੋਂ ਨਾਰਾਜ਼ ਕੌਂਸਲਰਾਂ ਨੇ ਸੋਮਵਾਰ ਨੂੰ ਧਨਰਾਜ ਡੇਨੇ ਦੇ ਰੂਪ ਵਿੱਚ ਵਧੀਕ ਸ਼ਹਿਰ ਸਿਹਤ ਅਧਿਕਾਰੀ ਡਾ. ਚੰਦਰਸ਼ੇਖਰ ਖ਼ ?ਲਾਫ਼ ਮੋਰਚਾ ਖੋਲ੍ਹ ਦਿੱਤਾ। ਸਾਰੇ ਕੌਂਸਲਰ ਉਨ੍ਹਾਂ ਨੂੰ ਹਟਾਉਣ ਦੀ ਮੰਗ ਕਰ ਰਹੇ ਹਨ। ਕੌਂਸਲਰ ਪਾਰਟੀ ਦੇ ਨੇਤਾ ਨਵੀਨ ਪੰਡਿਤ ਨੇ ਕਿਹਾ ਕਿ ਉਨ੍ਹਾਂ ਖ਼ ?ਲਾਫ਼ ਮਤਾ ਪਾਸ ਹੋਣ ਤੋਂ ਬਾਅਦ ਵੀ ਵਧੀਕ ਸ਼ਹਿਰ ਸਿਹਤ ਅਧਿਕਾਰੀ ਡਾ. ਚੰਦਰਸ਼ੇਖਰ ਨੂੰ ਅਜੇ ਤੱਕ ਨਹੀਂ ਹਟਾਇਆ ਗਿਆ ਹੈ। ਇਸ ਖ਼ ?ਲਾਫ਼ ਕੌਂਸਲਰਾਂ ਨੇ ਨਗਰ ਨਿਗਮ ਦੇ ਗੇਟ 'ਤੇ ਬੈਠ ਕੇ ਵਿਰੋਧ ਪ੍ਰਦਰਸ਼ਨ ਕੀਤਾ। ਇੱਥੇ 40 ਤੋਂ ਵੱਧ ਕੌਂਸਲਰ ਨਿਗਮ ਦੇ ਗੇਟ 'ਤੇ ਇਕੱਠੇ ਹੋਏ ਅਤੇ ਵਧੀਕ ਸ਼ਹਿਰ ਸਿਹਤ ਅਧਿਕਾਰੀ ਡਾ. ਚੰਦਰਸ਼ੇਖਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ। ਕੌਂਸਲਰਾਂ ਦਾ ਕਹਿਣਾ ਹੈ ਕਿ ਦਸੰਬਰ ਮਹੀਨੇ ਸਦਨ ਦੀ ਮੀਟਿੰਗ ਦੌਰਾਨ ਵਧੀਕ ਸ਼ਹਿਰ ਸਿਹਤ ਅਧਿਕਾਰੀ ਨੂੰ ਹਟਾਉਣ ਦਾ ਪ੍ਰਸਤਾਵ ਸਰਬਸੰਮਤੀ ਨਾਲ ਪਾਸ ਹੋ ਗਿਆ ਸੀ। ਕੌਂਸਲਰਾਂ ਨੇ ਦੋਸ਼ ਲਗਾਇਆ ਕਿ ਸਫਾਈ ਕਰਮਚਾਰੀਆਂ ਅਤੇ ਸੈਨੀਟੇਸ਼ਨ ਇੰਸਪੈਕਟਰਾਂ ਨੂੰ ਉਨ੍ਹਾਂ ਦੇ ਇਲਾਕਿਆਂ ਤੋਂ ਜ਼ਬਰਦਸਤੀ ਹਟਾਏ ਜਾਣ ਕਾਰਨ ਇਲਾਕਿਆਂ ਵਿੱਚ ਗੰਦਗੀ ਦੀ ਸਮੱਸਿਆ ਵੱਧ ਰਹੀ ਹੈ। ਪ੍ਰਸ਼ਾਸਨ 'ਤੇ ਸਦਨ ਦੇ ਫੈਸਲੇ ਨੂੰ ਅਣਦੇਖਾ ਕਰਨ ਦਾ ਦੋਸ਼ ਲਗਾਉਂਦੇ ਹੋਏ, ਕੌਂਸਲਰ ਪਾਰਟੀ ਦੇ ਨੇਤਾ ਨਵੀਨ ਪੰਡਿਤ ਅਤੇ ਹੋਰ ਕੌਂਸਲਰਾਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਉਨ੍ਹਾਂ ਦਾ ਵਿਰੋਧ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਵਾਧੂ ਸ਼ਹਿਰ ਸਿਹਤ ਅਧਿਕਾਰੀ ਨੂੰ ਹਟਾਇਆ ਨਹੀਂ ਜਾਂਦਾ।



# ਪੰਜਾਬ ਸਫਾਈ ਮਜ਼ਦੂਰ ਮਹਾਂਸੰਘ ਸ਼ਾਖਾ ਨਵਾਂਗਾਓਂ ਘਰ-ਘਰ ਕੂੜਾ ਇਕੱਠਾ ਕਰਨ ਵਾਲੇ ਕਰਮਚਾਰੀ 31 ਜੁਲਾਈ ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ

## ਸ਼ਹੀਦ ਭਗਤ ਸਿੰਘ ਚੌਕ ਨਵਾਂਗਾਓਂ ਵਿਖੇ ਕਾਰਜਕਾਰੀ ਅਧਿਕਾਰੀ ਦਾ ਪੁਤਲਾ ਸਾੜਿਆ - ਅੱਜ ਵਿਧਾਇਕ ਗਗਨ ਮਾਨ ਦੇ ਖਰੜ ਦਫਤਰ ਵਿਖੇ ਧਰਨੇ 'ਤੇ ਬੈਠਣਗੇ

ਜੇ ਕੇ ਬੱਤਾ ਖਰੜ, ਪੰਜਾਬ ਸਫਾਈ ਕਰਮਚਾਰੀ ਸੰਘ (ਰਜਿਸਟਰਡ ਅਤੇ ਮਾਨਤਾ ਪ੍ਰਾਪਤ) ਸ਼ਾਖਾ ਨਵਾਂਗਾਓਂ, ਜ਼ਿਲ੍ਹਾ ਮੋਹਾਲੀ, ਚੇਅਰਮੈਨ ਜੈ ਪਾਲ ਟਾਂਕ, ਸੁਖਬੀਰ ਪ੍ਰਧਾਨ ਅਤੇ ਤੀਰਥਪਾਲ ਉਪ ਪ੍ਰਧਾਨ ਨੇ ਕਿਹਾ ਕਿ ਜੇਕਰ ਅਸੀਂ ਨਗਰ ਕੌਂਸਲ ਨਵਾਂਗਾਓਂ ਦੀ ਸੀਮਾ ਵਿੱਚ ਆਉਂਦੇ ਖੇਤਰ ਦੇ ਘਰ-ਘਰ ਕੂੜਾ ਇਕੱਠਾ ਕਰਨ ਦਾ ਠੇਕਾ ਕਿਸੇ ਨਿੱਜੀ ਕੰਪਨੀ ਨੂੰ ਦੇਣ ਦੀ ਕਾਰਵਾਈ ਕਰਦੇ ਹਾਂ। ਇਹ ਗਲਤ ਹੈ, ਘਰ-ਘਰ ਕੂੜਾ ਇਕੱਠਾ ਕਰਨ ਵਾਲੇ 250 ਲੋਕ ਬੇਰੁਜ਼ਗਾਰ ਹੋ ਜਾਣਗੇ। ਪੰਜਾਬ ਸਫਾਈ ਕਰਮਚਾਰੀ ਸੰਘ ਨੇ ਕਿਹਾ ਕਿ ਇਹ ਠੇਕਾ ਕਿਸੇ ਨੂੰ ਦੇ ਕੇ, ਤੁਸੀਂ ਵਾਲਮੀਕਿ ਭਾਈਚਾਰੇ ਨੂੰ ਆਰਥਿਕ ਤੌਰ 'ਤੇ ਗੁਲਾਮ ਬਣਾਉਣ ਦੀ ਕਾਰਵਾਈ ਕਰ ਰਹੇ ਹੋ। ਜਿਸ ਨੂੰ ਅਸੀਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ, ਇਹੀ ਅਸੀਂ ਕਿਹਾ ਹੈ। ਪੰਜਾਬ ਸਫਾਈ ਮਜ਼ਦੂਰ ਮਹਾਂਸੰਘ ਸ਼ਾਖਾ, ਨਵਾਂਗਾਓਂ ਦੇ ਚੇਅਰਮੈਨ ਜੈ ਪਾਲ ਟਾਂਕ ਦੀ ਅਗਵਾਈ ਹੇਠ ਸੋਮਵਾਰ ਨੂੰ ਸ਼ਹੀਦ ਭਗਤ ਸਿੰਘ ਚੌਕ ਵਿਖੇ ਨਗਰ ਕੌਂਸਲ ਨਵਾਂਗਾਓਂ ਦੇ ਕਾਰਜਕਾਰੀ ਅਧਿਕਾਰੀ ਰਵਨੀਤ ਸਿੰਘ ਦਾ ਪੁਤਲਾ ਸਾੜਿਆ ਗਿਆ।



# ਥਾਣਾ ਸਦਰ ਮੋੜ ਪੱਟੀ ਪੁਲਿਸ ਨੇ ਨਾਕੇਬੰਦੀ ਕਰ ਕੇ ਵਾਹਨਾਂ ਦੀ ਕੀਤੀ ਚੈਕਿੰਗ

ਪੱਟੀ ( ਹੈਪੀ ਸਭਰਾਂ) ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੱਜ ਸਪੈਸ਼ਲ ਨਾਕਾਬੰਦੀ ਕਰ ਕੇ ਵਹੀਕਲਾਂ ਦੀ ਤਲਾਸ਼ੀ ਕੀਤੀ। ਥਾਣਾ ਸਦਰ ਪੱਟੀ ਪੱਟੀ ਪੁਲਿਸ ਨੇ ਡੀਐੱਸਪੀ ਪੱਟੀ ਲਵਕੇਸ਼ ਸੈਣੀ ਦੀ ਅਗਵਾਈ 'ਚ ਸਭਰਾਂ ਜੋਤੀ ਸ਼ਾਹ ਰੋਡ ਤੇ 'ਚ ਨਾਕਾ ਲਾ ਕੇ ਹਰ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਵਿਪਣ ਕੁਮਾਰ ਥਾਣਾ ਸਦਰ ਪੱਟੀ ਮੁਖੀ ਪੱਟੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੱਜ ਸਪੈਸ਼ਲ ਨਾਕਾਬੰਦੀ ਕਰ ਕੇ ਵਹੀਕਲਾਂ ਦੀ ਤਲਾਸ਼ੀ ਕੀਤੀ। ਤਾਂ ਜੋ ਕੋਈ ਵੀ ਵਿਅਕਤੀ ਇਤਰਾਜ਼ਯੋਗ ਸਮੱਗਰੀ ਏਧਰ-ਓਧਰ ਨਾ ਲਿਜਾ ਸਕੇ। ਇਸ ਦੌਰਾਨ ਥਾਣਾ ਸਦਰ ਪੱਟੀ ਦੇ ਮੁਖੀ ਵਿਪਨ ਕੁਮਾਰ ਨੇ ਪਿੰਡ ਵਾਸੀਆਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕਿਸੇ 'ਤੇ ਕੋਈ ਸ਼ੱਕ ਹੈ ਤਾਂ ਉਸ ਸਬੰਧੀ ਪੁਲਿਸ ਨੂੰ ਸੂਚਿਤ ਕਰੋ ਤਾਂ ਜੋ ਪੰਜਾਬ ਦੇ ਵਿੱਚ ਨਸ਼ੇ ਦੇ ਕੋੜ ਨੂੰ ਅਤੇ ਨਸ਼ਾ ਸੌਦਾਗਰਾਂ ਨੂੰ ਜੜ ਤੋਂ ਖਤਮ ਕੀਤਾ ਜਾਵੇ ਅਤੇ ਆਉਣ ਵਾਲੀ ਪੀੜੀ ਨੂੰ ਬਚਾਇਆ ਜਾ ਸਕੇ ਵਿਪਨ ਕੁਮਾਰ ਨੇ ਨਸ਼ਾ ਨੇ ਨਸ਼ਾ ਸੁਦਾਗਰਾਂ ਨੂੰ ਸਖਤ ਚੇਤਾਵਨੀ ਦਿੰਦੇ ਹੋਏ ਆਖਿਆ ਕਿ ਜੇਕਰ ਕੋਈ ਨਸ਼ਾ ਸੁਦਾਗਰ ਪਿੰਡ ਦੇ ਵਿੱਚ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਨੂੰ ਕਿਸੇ ਵੀ ਕਦਰ ਬਖਸ਼ਿਆ ਨਹੀਂ ਜਾਵੇਗਾ








# ਮਨੁੱਖਤਾ ਦੀ ਸੇਵਾ ਖੂਨਦਾਨ ਸੁਸਾਇਟੀ ਪੱਟੀ ਵੱਲੋਂ 1000 ਛਾਂ ਦਾਰ ਅਤੇ ਫਲਦਾਰ ਬੂਟਿਆਂ ਦਾ ਲੰਗਰ ਲਾਇਆ

## ਵਾਤਾਵਰਣ ਦੀ ਸ਼ੁਧਤਾ ਲਈ ਪੋਦੇ ਬਹੁਤ ਜਰੂਰੀ- ਅਸ਼ਵਨੀ ਮਹਿਤਾ

ਪੱਟੀ ( ਹੈਪੀ ਸਭਰਾਂ)-ਜੈ ਮਾਂ ਚਿੰਤਪੁਰਨੀ ਜੀ ਦੇ ਸਾਵਨ ਮੈਲੇ ਨੂੰ ਸਮਰਪਿਤ ਵਿਸ਼ਾਲ ਭੰਡਾਰੇ ਤੇ ਮਨੁੱਖਤਾ ਦੀ ਸੇਵਾ ਖੂਨ ਦਾਨ ਸੁਸਾਇਟੀ ਪੱਟੀ ਵੱਲੋਂ 1000 ਛਾਂ ਦਾਰ ਅਤੇ ਫਲਦਾਰ ਬੂਟਿਆਂ ਦਾ ਲੰਗਰ ਲਾਇਆ ਗਿਆ। ਇਸ ਮੌਕੇ 'ਤੇ ਸੁਸਾਇਟੀ ਦੇ ਕਾਰਜਕਾਰੀ ਪ੍ਰਧਾਨ ਸੁਖਬੀਰ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਜੀਵਨ ਲਈ ਤੰਦਰੁਸਤ ਹਵਾ ਅਤੇ ਸਾਫ਼ ਪਾਣੀ ਦੀ ਜ਼ਰੂਰਤ ਹੈ। ਜੋ ਕਿ ਧਰਤੀ ਹੇਠਲਾ ਪਾਣੀ ਅਤੇ ਹਵਾ ਦੋਵੇਂ ਪਰਦੂਸ਼ਨ ਅਤੇ ਜਹਰੀਲੇ ਕੀਟਨਾਸ਼ਕਾਂ ਕਾਰਨ ਖ਼ਰਾਬ ਹੋ ਗਏ ਹਨ। ਇਹਨਾਂ ਦਰੱਖਤਾਂ ਦਾ? ਮਨੁੱਖ? ਦੀ ਜਿੰਦਗੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਨ੍ਹਾਂ ਤੋ ਬਿਨਾਂ ਆਦਮੀ ਦੀ ਹੋਂਦ ਹੀ ਖਤਮ ਹੈ। ਉਨ੍ਹਾਂ ਕਿਹਾ ਪਿਛਲੇ ਇੱਕ ਹਫਤੇ ਤੋਂ ਜੈ ਮਾਂ ਚਿੰਤਪੁਰਨੀ ਮੈਨੇਜਿੰਗ ਕਮੇਟੀ ਪੱਟੀ ਵੱਲੋਂ ਲਾਇਆ ਅਲੱਗ ਅਲੱਗ ਪਦਾਰਥਾ ਦਾ ਲਗਾਇਆ ਲੰਗਰ ਬਹੁਤ ਵੱਡਾ ਸਲਾਘਾਯੋਗ ਕੰਮ ਹੈ। ਇਸ ਮੌਕੇ ਜੈ ਮਾਂ ਚਿੰਤਪੁਰਨੀ ਮੈਨੇਜਿੰਗ ਕਮੇਟੀ ਪੱਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਕਾਲਾ ਮਹਿਤਾ ਨੇ ਅਖਿਆ ਕਿ ਅਸੀ ਸਾਰੀ ਕਮੇਟੀ ਮਨੁੱਖਤਾ ਦੀ ਸੇਵਾ ਖੂਨਦਾਨ ਸੁਸਾਇਟੀ ਦਾ ਧੰਨਵਾਦ ਕਰਦੇ ਹਾਂ ਜਿੰਨਾ ਦੋ ਦਿਨ ਫਲਦਾਰ ਅਤੇ ਛਾਂ ਦਾਰ ਬੂਟਿਆਂ ਦਾ ਲੰਗਰ ਲਗਾਇਆ ਹੈ। ਇਹ ਦਰੱਖ਼ਤ ਆਦਮੀ ਦੀ ਜਿੰਦਗੀ ਹਨ।



# 'ਆਪ' ਸਰਕਾਰ ਨੇ ਲੋਕਹਿੱਤ ਵਿੱਚ ਇਤਿਹਾਸਕ ਫੈਸਲੇ ਕੀਤੇ : ਕੈਬਿਨੇਟ ਮੰਤਰੀ ਲਾਲਜੀਤ ਸਿੰਘ ਭੁੱਲਰ

## ਮੰਤਰੀ ਭੁੱਲਰ ਨੇ ਪੱਟੀ ਦਫ਼ਤਰ ਵਿਖੇ ਲੋਕ ਮਿਲਣੀ ਤਹਿਤ ਲੋਕਾਂ ਦੀ ਮੁਸ਼ਕਿਲਾਂ ਸੁਣਕੇ ਕੀਤੀਆਂ ਹੱਲ

ਪੱਟੀ, (ਹੈਪੀ ਸਭਰਾਂ ) ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਅਪਣੇ ਕਾਰਜਕਾਲ ਦੌਰਾਨ ਲੋਕਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁਜਦਾ ਕਰਨਾ ਯਕੀਨੀ ਬਣਾਇਆ ਗਿਆ ਹੈ। ਇਹ ਪ੍ਰਗਟਾਵਾ ਕੈਬਿਨੇਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਪੱਟੀ ਦਫ਼ਤਰ ਵਿਖੇ ਲੋਕ ਮਿਲਣੀ ਤਹਿਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਉਹਨਾਂ ਰੋਜ਼ਾਨਾ ਦੀ ਤਰਾਂ ਆਪਣੇ ਹਲਕਾ ਪੱਟੀ ਦੇ ਦਫਤਰ ਵਿਖੇ ਹਲਕੇ ਦੇ ਪਰਿਵਾਰਾਂ ਨੂੰ ਮਿਲ ਕੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੌਕੇ ਤੇ ਹੀ ਸਬੰਧਤ ਅਫਸਰਾਂ ਨਾਲ ਗੱਲ ਕਰਕੇ ਹੱਲ ਕੀਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਇੱਕੋ ਕਹਿਣਾ ਹੈ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਦੂਰ ਨਾ ਜਾਣਾ ਪਵੇ ਤੇ ਸਰਕਾਰ ਲੋਕਾਂ ਵਿੱਚ ਰਹਿ ਕੇ ਕੰਮ ਕਰੇ, ਜਿਸ ਤਹਿਤ ਉਨਾਂ ਵਲੋਂ ਲਗਾਤਾਰ ਨਾਲ ਲੋਕਾਂ ਦੀਆਂ ਸਮੱਸਿਆਵਾਂ ਸੁਣਕੇ ਹੱਲ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਅਪਣੇ ਕਾਰਜਕਾਲ ਤੇ ਚਾਨਣਾ ਪਾਉਂਦਿਆਂ ਉਹਨਾਂ ਦੱਸਿਆ ਕਿ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ । ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ। ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਮੰਤਵ ਨਾਲ ਸਕੂਲ ਆਫ ਐਮੀਨੈਂਸ ਬਣਾਏ ਗਏ।



# ਕੌਮੀ ਇਨਸਾਫ਼ ਮੋਰਚੇ ਦੇ ਸੱਦੇ ਤੇ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰ ਮੋਹਾਲੀ ਅੱਗੇ ਪੁੱਤਲੇ ਫੂਕੇ ਗਏ

ਜੇ ਕੇ ਬੱਤਾ ਖਰੜ, ਕੌਮੀ ਇਨਸਾਫ਼ ਮੋਰਚੇ ਦੇ ਸੱਦੇ ਤੇ ਅੱਜ ਧਾਰਮਿਕ ਜਥੇਬੰਦੀਆਂ, ਕਿਸਾਨ ਯੂਨੀਅਨਾਂ ਤੇ ਹੋਰ ਸਮਾਜਿਕ ਜਥੇਬੰਦੀਆਂ ਵੱਲੋਂ ਮੋਰਚੇ ਦੇ ਕੀਤੇ ਐਲਾਨ ਅਨੁਸਾਰ ਸਮੂਹ ਜ਼ਿਲਾ ਹੈੱਡ ਕੁਆਟਰਾਂ ਤੇ ਧਰਨੇ ਦੇ ਕੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਪੁੱਤਲੇ ਫੂਕੇ ਗਏ। ਇਸੇ ਤਹਿਤ ਮੋਰਚੇ ਵੱਲੋਂ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੀਡੀਆਂ ਸਕੱਤਰ ਰਵਿੰਦਰ ਸਿੰਘ ਬਜੀਦਪੁਰ ਨੇ ਦੱਸਿਆ ਕਿ ਮੋਰਚਾ ਆਗੂ ਬਾਪੂ ਗੁਰਚਰਨ ਸਿੰਘ, ਭਾਈ ਪਾਲ ਸਿੰਘ ਫਰਾਂਸ, ਬਲਵੀਰ ਸਿੰਘ ਬੈਰੋਂਪੁਰੀ, ਬਲਜੀਤ ਸਿੰਘ ਭਾਊ, ਗੁਰਮੀਤ ਸਿੰਘ ਸ਼ਾਂਟੂ ਆਦਿ ਆਗੂਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ, ਬੰਦੀ ਸਿੰਘ ਰਿਹਾਅ ਕਰਨ,




ਬਹਿਬਲ ਕਲਾਂ ਅਤੇ ਬਰਗਾੜੀ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਆਦਿ ਮੰਗਾਂ ਦੀ ਪ੍ਰਾਪਤੀ ਲਈ ਸੁੱਤੀ ਸਰਕਾਰ ਨੂੰ ਜਗਾਉਣ ਲਈ ਦਿੱਤੀ ਕਾਲ ਅਨੁਸਾਰ ਦੀ ਦਿੱਤੀ ਕਾਲ ਅਨੁਸਾਰ ਸਵੇਰੇ ਮੋਰਚਾ ਸਥਾਨ ਤੋਂ ਮੋਰਚਾ ਸਮੂਹ ਨਾਲ ਲੋਕ ਹਿੱਤ ਮਿਸ਼ਨ ਬੀਕੇਯੂ ਪੰਜਾਬ, ਕਿਸਾਨ ਯੂਨੀਅਨ ਰਾਜੇਵਾਲ ਤੇ ਕਿਸਾਨ ਯੂਨੀਅਨ ਡਕੌਂਦਾ ਸਮੇਤ ਹੋਰ ਜਥੇਬੰਦੀਆਂ ਵੱਲੋਂ ਮਾਰਚ ਕਰਦਿਆਂ ਨਾਅਰੇ ਲਗਾਉਂਦਿਆਂ ਡਿਪਟੀ ਕਮਿਸ਼ਨਰ ਦਫ਼ਤਰ ਮੋਹਾਲੀ ਅੱਗੇ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਅਤੇ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ।

# ਦਲਵਿੰਦਰ ਸਿੰਘ ਬੈਨੀਪਾਲ ਨੇ ਕੁਸ਼ਤੀ ਦੰਗਲ ਦਾ ਪੋਸਟਰ ਨਿਊ ਚੰਡੀਗੜ੍ਹ ਵੱਲੋਂ ਜਾਰੀ ਕੀਤਾ

ਜੇ ਕੇ ਬੱਤਾ ਖਰੜ, ਕਿਸੇ ਪਰਿਵਾਰਕ ਖੁਸ਼ੀ ਦੇ ਮੌਕੇ ਖੇਡਾਂ ਨੂੰ ਤਰਜੀਹ ਦੇਣੀ ਵੱਡੀ ਪਹਿਲਕਦਮੀ ਮੰਨੀ ਜਾਵੇਗੀ ਇਸ ਗੱਲ ਦਾ ਪ੍ਰਗਟਾਵਾ ਅੱਜ ਸਮਾਜ ਸੇਵੀ ਤੇ ਖੇਡ ਪ੍ਰਮੋਟਰ ਤੇ ਬੈਨੀਪਾਲ ਗਰੁੱਪ ਦੇ ਸਰਪ੍ਰਸਤ ਦਲਵਿੰਦਰ ਸਿੰਘ ਬੈਨੀਪਾਲ ਨੇ ਧਨਾਸ ਯੂ ਟੀ ਵਿਖੇ ਹੋਣ ਵਾਲੇ ਕੁਸ਼ਤੀ ਦੰਗਲ ਦਾ ਪੋਸਟਰ ਜਾਰੀ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸਵ ਸ ਲਾਭ ਸਿੰਘ ਬੈਦਵਾਣ ਧਨਾਸ ਅਤੇ ਸ ਦਲਵਾਰਾ ਸਿੰਘ ਟਿਵਾਣਾ ਕਜਹੇੜੀ ਵੱਲੋਂ ਆਪਣੇ ਪੋਤਰੇ ਗੁਰੀ ਬੈਦਵਾਣ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਅੱਜ ਮਿਤੀ 5 ਅਗਸਤ ਨੂੰ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਪੰਜਾਬ ਦੇ ਨਾਮਵਰ ਅਖਾੜਿਆਂ ਦੇ ਪਹਿਲਵਾਨ ਆਪਣੇ ਜੌਹਰ ਵਿਖਾਉਣਗੇ। ਉਨ੍ਹਾਂ ਕਿਹਾ ਕਿ ਆਪਣੇ ਕਿਸੇ ਪਰਿਵਾਰਕ ਖੁਸ਼ੀ ਦੇ ਪਲਾਂ ਨੂੰ ਯਾਦਗਾਰੀ ਬਣਾਉਣ ਦਾ ਅਤੇ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਆਪਣਾ ਅਹਿਮ ਯੋਗਦਾਨ ਪਾਉਣ ਦਾ ਇਹ ਪਰਿਵਾਰ ਵੱਲੋਂ ਵਧੀਆ ਉਪਰਾਲਾ ਕੀਤਾ ਜਾ ਰਿਹਾ ਹੈ।ਇਸ ਨਾਲ ਜਿੱਥੇ ਲੋਕਾਂ ਨੂੰ ਸੇਧ ਮਿਲੇਗੀ ਓਥੇ ਹੀ ਨੌਜਵਾਨ ਪੀੜ੍ਹੀ ਨੂੰ ਵੀ



ਖੇਡਾਂ ਨਾਲ ਜੋੜਿਆ ਜਾਵੇਗਾ। ਉਨ੍ਹਾਂ ਬੈਦਵਾਣ ਅਤੇ ਟਿਵਾਣਾ ਪਰਿਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਭਾਜਪਾ ਲੀਗਲ ਸੈੱਲ ਨੇ ਐਡਵੋਕੇਟ ਲਖਵਿੰਦਰ ਸਿੰਘ ਦੇ ਕਤਲ ’ਤੇ ਗੁੱਸਾ ਪ੍ਰਗਟ ਕੀਤਾ

ਜੇ.ਕੇ. ਬੱਤਾ ਖਰੜ, ਭਾਜਪਾ ਪੰਜਾਬ ਲੀਗਲ ਸੈੱਲ ਵੱਲੋਂ ਐਡਵੋਕੇਟ ਲਖਵਿੰਦਰ ਸਿੰਘ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਦੀ ਸਖ਼ਤ ਨਿੰਦਾ ਕਰਦੇ ਹੋਏ, ਕਨਵੀਨਰ ਐਡਵੋਕੇਟ ਐਨ.ਕੇ. ਵਰਮਾ ਨੇ ਕਿਹਾ ਕਿ ਇਹ ਸਿਰਫ਼ ਇੱਕ ਵਕੀਲ ਦਾ ਕਤਲ ਨਹੀਂ ਹੈ, ਸਗੋਂ ਪੂਰੀ ਨਿਆਂ ਪ੍ਰਣਾਲੀ ’ਤੇ ਸਿੱਧਾ ਹਮਲਾ ਹੈ।ਉਨ੍ਹਾਂ ਕਿਹਾ ਕਿ ਲਖਵਿੰਦਰ ਸਿੰਘ ਨੂੰ ਅੰਮ੍ਰਿਤਸਰ ਵਿੱਚ ਗੈਂਗਸਟਰਾਂ ਨੇ ਖੁੱਲ੍ਹੇਆਮ ਗੋਲੀ ਮਾਰ ਦਿੱਤੀ ਸੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਅੰਤ ਵਿੱਚ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ। ਭਾਜਪਾ ਪੰਜਾਬ ਲੀਗਲ ਸੈੱਲ ਦੇ ਕਨਵੀਨਰ ਐਡਵੋਕੇਟ ਐਨ.ਕੇ. ਵਰਮਾ ਨੇ ਕਿਹਾ ਕਿ ਇਹ ਘਟਨਾ ਦਰਸਾਉਂਦੀ ਹੈ ਕਿ ਅੱਜ ਵਕੀਲਾਂ ਦੀ ਜਾਨ ਵੀ ਸੁਰੱਖਿਅਤ ਨਹੀਂ ਹੈ। ਹਾਲਾਂਕਿ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਹੈ ਅਤੇ ਹਮਲੇ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਪਰ ਹੁਣ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਖ਼ਤ ਸਜ਼ਾ ਦੇਣ ਦੀ ਲੋੜ ਹੈ। ਨਿਆਂ ਦੇ ਨਾਲ-ਨਾਲ ਸਮਾਜ ਵਿੱਚ ਕਾਨੂੰਨ ਵਿੱਚ ਵਿਸ਼ਵਾਸ ਬਹਾਲ ਕਰਨ ਲਈ ਇਹ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਦੁਹਰਾਇਆ ਕਿ

**ਦੋਸ਼ੀਆਂ ਨੂੰ ਤੁਰੰਤ ਸਜ਼ਾ ਦੇਣ ਦੀ ਮੰਗ ਕੀਤੀ ਅਤੇ ਐਡਵੋਕੇਟ ਪ੍ਰੋਟੈਕਸ਼ਨ ਐਕਟ: ਐਨ.ਕੇ. ਵਰਮਾ**

ਵਕੀਲਾਂ ’ਤੇ ਲਗਾਤਾਰ ਹੋ ਰਹੇ ਹਮਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ ਅਤੇ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਸਰਕਾਰ ਵਕੀਲਾਂ ਨੂੰ ਕਾਨੂੰਨੀ ਅਤੇ ਸੁਰੱਖਿਆ ਸੁਰੱਖਿਆ ਪ੍ਰਦਾਨ ਕਰਨ ਲਈ ਤੁਰੰਤ ਐਡਵੋਕੇਟਸ ਪ੍ਰੋਟੈਕਸ਼ਨ ਐਕਟ ਲਾਗੂ ਕਰੇ। ਭਾਜਪਾ ਕਾਨੂੰਨੀ ਸੈੱਲ ਐਡਵੋਕੇਟ ਲਖਵਿੰਦਰ ਸਿੰਘ ਦੇ ਪਰਿਵਾਰ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਐਨ.ਕੇ. ਵਰਮਾ ਨੇ ਕਿਹਾ ਕਿ ਪਾਰਟੀ ਦਾ ਕਾਨੂੰਨੀ ਸੈੱਲ ਪੀੜਤ ਪਰਿਵਾਰ ਨੂੰ ਹਰ ਸੰਭਵ ਕਾਨੂੰਨੀ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਉਨ੍ਹਾਂ ਨੂੰ ਇਨਸਾਫ ਮਿਲੇ। ਲਖਵਿੰਦਰ ਸਿੰਘ ਨੂੰ ਭਾਵੁਕ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਵਿਅਰਥ ਨਹੀਂ ਜਾਵੇਗੀ ਅਤੇ ਇਹ ਘਟਨਾ ਵਕੀਲਾਂ ਦੀ ਸੁਰੱਖਿਆ ਲਈ ਇੱਕ ਮੋੜ ਹੋਵੇਗੀ।

# ਜ਼ਿਲ੍ਹਾ ਮੋਹਾਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੰਗਠਨਾਤਮਕ ਢਾਂਚੇ ਦੀ ਪ੍ਰਕਿਰਿਆ 15 ਅਗਸਤ ਤੋਂ ਪਹਿਲਾਂ ਪੂਰੀ ਹੋ ਜਾਵੇਗੀ- ਪਰਵਿੰਦਰ ਸਿੰਘ ਸੋਹਾਣਾ

ਜੇ.ਕੇ. ਬੱਤਾ ਖਰੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ 29 ਜੁਲਾਈ, 2025 ਨੂੰ ਬੁਲਾਈ ਗਈ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਦੌਰਾਨ ਦਿੱਤੇ ਗਏ ਆਦੇਸ਼ਾਂ ਅਨੁਸਾਰ, ਖਰੜ ਵਿਧਾਨ ਸਭਾ ਹਲਕੇ ਦੀ ਸਮੁੱਚੀ ਲੀਡਰਸ਼ਿਪ ਦੀ ਇੱਕ ਹੰਗਾਮੀ ਮੀਟਿੰਗ ਅੱਜ ਜ਼ਿਲ੍ਹਾ ਜਥੇਦਾਰ ਸਰਦਾਰ ਪਰਵਿੰਦਰ ਸਿੰਘ ਸੋਹਾਣਾ ਦੀ ਅਗਵਾਈ ਹੇਠ ਹੋਟਲ ਵਿਰਾਸਤ, ਬਲਾਕ ਮਾਜਰੀ ਨਵਾਂ ਚੰਡੀਗੜ੍ਹ ਵਿਖੇ ਹੋਈ, ਜਿਸ ਵਿੱਚ ਪਾਰਟੀ ਦੇ ਮੁੱਖ ਬੁਲਾਰੇ ਅਤੇ ਸੀਨੀਅਰ ਅਕਾਲੀ ਆਗੂ ਸ਼ਮਸ਼ੇਰ ਸਿੰਘ ਪੁਰਖਾਲਵੀ, ਐਸਜੀਪੀਸੀ ਮੈਂਬਰ ਚਰਨਜੀਤ ਸਿੰਘ ਕਾਲੇਵਾਲ, ਸਾਹਿਬ ਸਿੰਘ ਬਡਾਲੀ, ਅਜਮੇਰ ਸਿੰਘ ਖੇੜਾ, ਚੌਧਰੀ ਸ਼ਿਆਮ ਲਾਲ ਮਾਜਰੀਆਂ, ਬਲਾਕ ਕਮੇਟੀ ਮੈਂਬਰ ਮੋਹਨ ਲਾਲ, ਸੰਦੀਪ ਰਾਣਾ, ਰਵਿੰਦਰ ਸਿੰਘ ਸਿਉਂਕ ਅਤੇ ਜਗੀਰ ਰਾਮ, ਸੁਖਵਿੰਦਰ ਸਿੰਘ ਸ਼ਿੰਡੀ, ਰਵਿੰਦਰ ਸਿੰਘ ਖੇੜਾ, ਹਰਜਿੰਦਰ



ਸਿੰਘ ਬਲੌਂਗੀ, ਅਮਨ ਸ਼ਰਮਾ, ਸਰਪੰਚ ਨਸੀਬ ਚੰਦ, ਸ਼ਿੰਦਾ, ਗੁਰਮੀਤ ਤਾਰਾਪੁਰ ਪਾਲ ਸਿੰਘ, ਮੌਜੂਦ ਸਨ। ਗੁਰਮੀਤ ਸਿੰਘ, ਭੀਮ ਸੇਨ ਅਤੇ ਭਾਗ ਚੰਦ, ਪੰਚ ਰੋਸ਼ਨ ਲਾਲ ਅਤੇ ਸੁੱਚਾ ਰਾਮ, ਦਿਲਬਾਗ ਸਿੰਘ ਮੀਆਂਪੁਰ, ਅਮਨਪੂਨੀਆ ਅਤੇ ਬਿੱਲਾ ਛੱਜੂ ਮਾਜਰਾ ਮੌਜੂਦ ਸਨ। ਇਸ ਮਹੱਤਵਪੂਰਨ ਮੀਟਿੰਗ ਵਿੱਚ ਪਾਰਟੀ ਦੇ ਜ਼ਿਲ੍ਹਾ ਅਤੇ ਮੰਡਲ ਅਹੁਦੇਦਾਰਾਂ ਦੀ ਨਿਯੁਕਤੀ ਦੇ ਨਾਲ-ਨਾਲ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਲਈ 15 ਅਗਸਤ ਦੀ ਤਰੀਕ ਨਿਰਧਾਰਤ ਕੀਤੀ ਗਈ ਹੈ ਅਤੇ ਸਾਰੇ ਆਗੂਆਂ ਅਤੇ ਪਾਰਟੀ ਵਰਕਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕਰਨ ਤਾਂ ਜੋ ਪੰਜਾਬ ਦਾ ਭਵਿੱਖ ਬਚਾਇਆ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇੱਕ ਖੇਤਰੀ ਪਾਰਟੀ ਹੈ।

# ਨਿਊ ਇੰਡੀਆ ਵਿੱਚ ਮਾਰਸ਼ਲ ਆਰਟ ਮਹੱਤਵਪੂਰਨ ਭੂਮਿਕਾ

ਨਿਊ ਇੰਡੀਆ ਵਿੱਚ ਮਾਰਸ਼ਲ ਆਰਟ ਮਹੱਤਵਪੂਰਨ ਭੂਮਿਕਾ ਰੱਖਦੀ ਹੈ, ਜੋ ਯੁੱਧ ਅਤੇ ਆਤਮ-ਰੱਖਿਆ ਵਿੱਚ ਉਸਦੀ ਇਤਿਹਾਸਕ ਜੜਾਂ ਤੋਂ ਅੱਗੇ ਵੱਧ ਕੇ ਸਰੀਰਕ ਫਿਟਨੈਸ, ਮਾਨਸਿਕ ਕਲਿਆਣਕਾਰੀ, ਸੱਭਿਆਚਾਰਕ ਸੁਰੱਖਿਆ ਅਤੇ ਇੱਥੋਂ ਤੱਕ ਕਿ ਸਮਾਜਿਕ ਸਦਭਾਵਨਾ ਨੂੰ ਵੀ ਸ਼ਾਮਲ ਕਰਦੀ ਹੈ। ਆਧੁਨਿਕ ਭਾਰਤ, ਤਕਨੀਕੀ ਤਰੱਕੀ ਨੂੰ ਅਪਨਾਉਂਦੇ ਹੋਏ, ਸਮੁੱਚੇ ਵਿਕਾਸ ਅਤੇ ਰਾਸ਼ਟਰੀ ਗੌਰਵ ਲਈ ਇਹਨਾਂ ਪ੍ਰਾਥਨਾਵਾਂ ਦੇ ਮੁੱਲ ਨੂੰ ਪਛਾਣਦਾ ਹੈ।

ਸਰੀਰਕ ਅਤੇ ਮਾਨਸਿਕ ਤੰਦਰੁਸਤੀ: ਤੰਦਰੁਸਤੀ ਅਤੇ ਸਿਹਤ: ਮਾਰਸ਼ਲ ਆਰਟ ਇੱਕ ਸੰਪੂਰਨ ਕਸਰਤ ਪ੍ਰਦਾਨ ਕਰਦੀ ਹੈ, ਤਾਕਤ, ਲਚੀਲੇਪਨ, ਸਹਿਣਸ਼ੀਲਤਾ ਅਤੇ ਮਾਨਸਿਕ ਤਾਲਮੇਲ ਵਿੱਚ ਸੁਧਾਰ ਕਰਦੀ ਹੈ। ਇਹ ਸਾਰੇ ਮਾਸਪੇਸ਼ੀ ਸਿਸਟਮ ਨੂੰ ਸ਼ਾਮਿਲ ਕਰਕੇ, ਭੁੱਖ ਨੂੰ ਨਿਯੰਤਰਿਤ ਕਰਕੇ, ਬਾਡੀਵੇਟ



ਕੰਟਰੋਲ ਕਰਕੇ, ਸੰਪੂਰਨ ਫਿਟਨੇਸ ਵਿੱਚ ਯੋਗਦਾਨ ਦਿੰਦੀ ਹੈ।

ਮਾਨਸਿਕ ਸਪਸ਼ਟਤਾ ਅਤੇ ਫੋਕਸ: ਉਦਾਹਰਣ ਦੇ ਲਈ, ਕਰਾਟੇ ਵਿੱਚ “ਕਾਤਾ”ਵਰਗੇ ਅਭਿਆਸ ਇੱਕ ਗਤੀਸ਼ੀਲ ਧਿਆਨ ਹੋ ਸਕਦੇ ਹਨ ਜੋ ਕਿ ਮਾਨਸਿਕ ਫੋਕਸ ਨੂੰ ਵਧਾ ਸਕਦੇ ਹਨ ਅਤੇ ਤਣਾਅ ਨੂੰ ਘੱਟ ਕਰਦੇ ਹਨ ਅਤੇ ਸ਼ਬਦ ਉਚਾਰਨ ਵਿੱਚ ਸੁਧਾਰ ਕਰਦੇ ਹਨ। ਆਤਮ-ਸਨਮਾਨ ਅਤੇ ਆਤਮ-ਵਿਸ਼ਵਾਸ: ਮਾਰਸ਼ਲ ਆਰਟ ਤਕਨੀਕ ਵਿੱਚ ਮਹਾਰਤ ਹਾਸਲ ਕਰਨ ਨਾਲ ਆਤਮ-ਨਿਯੰਤਰਣ ਪੈਦਾ ਹੁੰਦਾ ਹੈ, ਜਿਸ ਨਾਲ ਆਤਮ-ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ।

ਰਾਸ਼ਟਰੀ ਗੌਰਵ: ਇਹ ਕਲਾ ਰਾਸ਼ਟਰੀ ਗੌਰਵ ਦਾ ਸਰੋਤ ਹੈ, ਜੋ ਕਿ ਭਾਰਤ ਦੀ ਵਢਮੁੱਲੀ ਵਿਰਾਸਤ ਅਤੇ ਕਲਾਤਮਕ ਪਰੰਪਰਾਵਾਂ ਨੂੰ ਦਰਸਾਉਂਦੀ ਹੈ। ਆਧੁਨਿਕ ਭਾਰਤ ਵਿੱਚ ਇਸ ਕਲਾ ਨੂੰ ਅਪਣਾ ਕੇ ਲੜਕੀਆਂ ਵਿਸ਼ੇਸ਼ ਭੂਮਿਕਾ ਨਿਭਾ ਰਹੀਆਂ ਹਨ। ਸਰਕਾਰ ਇਸ ਕਲਾ ਨੂੰ ਪ੍ਰਫੁਲਿਤ ਕਰਨ ਲਈ “ਰਾਣੀ ਲਕਸ਼ਮੀ ਬਾਈ”ਸਕੀਮ ਤਹਿਤ ਸਰਕਾਰੀ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਤੱਕ ਦੀਆਂ ਲੜਕੀਆਂ ਨੂੰ ਆਤਮ ਰੱਖਿਆ ਦੀ 60 ਦਿਨਾਂ ਦੀ ਟ ?ਰੇਨਿੰਗ ਹਰ ਸਾਲ ਦੇ ਰਹੀ ਹੈ।

**ਲੇਖਕ**
**ਸ਼੍ਰੀ ਦਿਨੇਸ਼ ਠਾਕੁਰ**
**ਲੈਕਚਰਾਰ ਅੰਗਰੇਜ਼ੀ**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਫਰ**

# ਮਹਿਲਾ ਪਤੰਜਲੀ ਯੋਗ ਸਮਿਤੀ ਨਿਊ ਚੰਡੀਗੜ੍ਹ ਮੋਹਾਲੀ ਵੱਲੋਂ ਅਚਾਰੀਆ ਬਾਲਕ੍ਰਿਸ਼ਨ ਜੀ ਦਾ ਜਨਮ ਦਿਨ ਮਨਾਇਆ ਗਿਆ

ਜੇ ਕੇ ਬੱਤਾ ਖਰੜ, ਬੀਤੇ ਦਿਨੀਂ ਮਹਿਲਾ ਪਤੰਜਲੀ ਯੋਗ ਸਮਿਤੀ ਨਿਊ ਚੰਡੀਗੜ੍ਹ ਮੋਹਾਲੀ ਨੌਰਥ ਵੱਲੋਂ ਅਚਾਰੀਆ ਬਾਲਕ੍ਰਿਸ਼ਨ ਜੀ ਦਾ ਜਨਮ ਦਿਨ ਜੜੀ ਬੂਟੀ ਦਿਵਸ ਦੇ ਰੂਪ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਈਕੋ ਸਿਟੀ ਵਨ ਨਿਊ ਚੰਡੀਗੜ੍ਹ ਵਿਖੇ ਦੇ ਪਾਰਕ ਨੰ 4 ਬਲਾਕ ਬੀ ਵਿੱਚ ਭੋਲੇ ਨਾਥ ਜੀ ਦਾ ਗੁਣਗਾਨ ਕੀਤਾ ਗਿਆ ਅਤੇ ਖੀਰ ਪੂੜਿਆਂ ਦਾ ਲੰਗਰ ਲਗਾਇਆ ਗਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਮੰਤਰ ਉਚਾਰਨ ਨਾਲ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਪ੍ਰਭਾਰੀ ਭੈਣ ਪ੍ਰੇਮਜੀਤ ਸੰਧੂ ਨੇ ਆਦਰਣੀਯ ਅਚਾਰੀਆ ਬਾਲਕ੍ਰਿਸ਼ਨ ਜੀ ਦਾ ਜਨਮ ਦਿਨ ਦੀਆਂ ਸਭਨਾਂ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਮੌਜੂਦ ਮਹਿਲਾਵਾਂ ਨੂੰ ਜੜੀਂ ਬੂਟੀ ਅਤੇ ਗੁਣਾਂ ਭਰਪੂਰ ਪੌਦੇ ਵੰਡੇ ਗਏ ਅਤੇ ਇਨ੍ਹਾਂ ਪੌਦਿਆਂ ਦੇ ਗੁਣਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਪ੍ਰਭਾਰੀ ਵੱਲੋਂ ਸਭਨਾਂ ਨੂੰ ਆਪਣੇ ਘਰਾਂ ਵਿੱਚ ਪੌਦੇ ਲਾਉਣ ਲਈ ਪ੍ਰੇਰਿਤ ਕੀਤਾ ਗਿਆ।ਭੈਣ ਪ੍ਰੇਮਜੀਤ ਸੰਧੂ ਨੇ ਦੱਸਿਆ ਕਿ ਇਨ੍ਹਾਂ ਗੁਣਕਾਰੀ ਪੌਦਿਆਂ ਵਿੱਚ ਸਵਜੰਜਨਾ (ਮੋਰਿੰਗਾ), ਅਸ਼ਵਗੰਧਾ, ਇਲਾਇਚੀ,ਨਿੰਮ,ਸਫੇਦ ਮੂਸਲੀ,ਸਤਾਵਰ,ਹਾਰ ਸ਼ਿੰਗਾਰ, ਪੱਥਰ ਚੱਟ,ਕੜੀ ਪੱਤਾ, ਅਜਵਾਇਣ,ਤੁਲਸੀ, ਆਂਵਲਾ,ਬੇਹਰ,ਜਾਮਣ ਅਤੇ ਐਲੋਵੇਰਾ ਦੇ ਪੌਦੇ ਸ਼ਾਮਲ ਸਨ ਜਿਹੜੇ ਮੌਜੂਦ ਮਹਿਲਾਵਾਂ ਨੂੰ ਆਪਣੇ ਆਪਣੇ ਘਰਾਂ ਦੇ ਪਾਰਕਾਂ ਵਿੱਚ ਲਾਉਣ ਲਈ ਦਿੱਤੇ ਗਏ ਅਤੇ ਸਾਰਿਆਂ ਵੱਲੋਂ ਇਨ੍ਹਾਂ ਦੀ ਦੇਖਭਾਲ ਕਰਨ ਲਈ ਪ੍ਰਣ ਕੀਤਾ ਗਿਆ।



# ਗੁਰਦਾਸਪੁਰ ਐੱਚ.ਆਰ. ਏ. ਇੰਟਰਨੈਸ਼ਨਲ ਸਕੂਲ,ਦੀਆਂ ਵਿਦਿਆਰਥਣਾਂ ਵੱਲੋਂ ਜੋਨਲ ਲੈਵਲ ਬੈਡਮਿੰਟਨ ਮੈਚ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ

## ਚੇਅਰਮੈਨ ਸ੍ਰੀਮਾਨ ਹੀਰਾਮਨੀ ਅਗਰਵਾਲ ਜੇਤੂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ

ਗੁਰਦਾਸਪੁਰ ( ਜਸਵਿੰਦਰ ਸਿੰਘ ) ਐੱਚ. ਆਰ. ਏ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੀ ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਤਵਨੂਰਪ੍ਰੀਤ ਕੌਰ, ਡੇਜ਼ੀ ਅਤੇ ਦਾਮਿਨੀ ਨੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਕਰਵਾਏ ਗਏ ਜੋਨਲ ਲੈਵਲ ਬੈਡਮਿੰਟਨ ਮੈਚ 2025 ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦੇ ਤਮਗੇ ਆਪਣੇ ਨਾਮ ਕੀਤੇ ਇਹ ਮੈਚ 2 ਅਗਸਤ 2025 ਨੂੰ ਗੁਰਦਾਸਪੁਰ ਦੇ ਜਮਲੇਜੀਅਮ ਹਾਲ ਵਿੱਚ ਕਰਵਾਇਆ ਗਿਆ ਸੀ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਟੂਰਨਾਮੈਂਟ ਦੌਰਾਨ ਤਵਨੂਰਪ੍ਰੀਤ ਕੌਰ ਨੇ ਸਿੰਗਲ ਮੈਚ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਇਸ ਦੇ ਨਾਲ ਹੀ ਤਵਨੂਰਪ੍ਰੀਤ ਕੌਰ, ਡੇਜ਼ੀ ਅਤੇ ਦਾਮਿਨੀ ਨੇ ਮਿਲ ਕੇ ਡਬਲਜ਼ ਮੈਚ ਵਿੱਚ ਵੀ



ਪਹਿਲਾ ਸਥਾਨ ਅਤੇ ਸੋਨੇ ਦਾ ਤਮਗਾ ਜਿੱਤ ਕੇ ਇੱਕ ਨਵਾਂ ਇਤਿਹਾਸ ਰਚਿਆ ਇਸ ਮੌਕੇ ਉੱਤੇ ਸਕੂਲ ਦੇ ਚੇਅਰਮੈਨ ਸ੍ਰੀਮਾਨ ਹੀਰਾਮਨੀ ਅਗਰਵਾਲ ਜੀ, ਡਾਇਰੈਕਟਰ ਸ੍ਰੀਮਾਨ ਸੱਤਿਆਸੇਨ ਅਗਰਵਾਲ ਜੀ, ਮੈਡਮ ਆਂਚਲ ਅਗਰਵਾਲ ਜੀ, ਮੈਡਮ ਨੀਲੋਫਰ ਜੀ, ਪ੍ਰਿੰਸੀਪਲ ਡਿੰਪਲ ਸ਼ਰਮਾ ਜੀ ਅਤੇ ਮੈਡਮ ਨਵਦੀਪ ਕੌਰ ਜੀ ਨੇ ਜੇਤੂ ਵਿਦਿਆਰਥਣਾਂ ਅਤੇ ਉਨ੍ਹਾਂ ਦੀ ਕੋਚ ਮੈਡਮ ਸੁਮਨ ਬਾਲਾ ਨੂੰ ਦਿਲੋਂ ਵਧਾਈ ਦਿੱਤੀ

# ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 200 ਨਵੇਂ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ : ਰਮਨ ਬਹਿਲ

## ਡਾਕਟਰ ਦੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਨੂੰ ਮਿਲਣ ਦੀ ਤਰੀਕ ਅਤੇ ਸਿਹਤ ਸੰਭਾਲ ਬਾਰੇ ਸਾਰੀ ਜਾਣਕਾਰੀ ਹੁਣ ਵਟਸਐਪ ਰਾਹੀਂ ਮਿਲੇਗੀ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬੇ ਵਿੱਚ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ। ਰਾਜ ਸਰਕਾਰ ਦਾ ਇਹ ਫ਼ੈਸਲਾ ਸਿਹਤ ਕ੍ਰਾਂਤੀ ਵਿੱਚ ਇੱਕ ਹੋਰ ਮੀਲ ਪੱਥਰ ਸਾਬਤ ਹੋਵੇਗਾ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇਸ਼ ਦਾ ਸਭ ਤੋਂ ਸਫਲ ਸਿਹਤ ਮਾਡਲ ਸਾਬਤ ਹੋ ਰਿਹਾ ਹੈ ਜਿੱਥੇ ਮਰੀਜ਼ਾਂ ਦਾ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ 200 ਆਮ ਆਦਮੀ



ਕਲੀਨਿਕ ਕਾਰਜਸ਼ੀਲ ਕਰੇਗੀ ਜਿਸ ਨਾਲ ਸੂਬੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧ ਕੇ 1081 ਹੋ ਜਾਵੇਗੀ। ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਇਸ ਵੇਲੇ 565 ਆਮ ਆਦਮੀ ਕਲੀਨਿਕਾਂ ਪੇਂਡੂ ਇਲਾਕਿਆਂ ਵਿੱਚ ਜਦਕਿ 316 ਕਲੀਨਿਕ ਸ਼ਹਿਰੀ ਇਲਾਕਿਆਂ ਵਿੱਚ ਹਨ ਜਿੱਥੇ ਹੋਰ ਰੋਜ਼ ਲਗਪਗ 70,000 ਮਰੀਜ਼ ਆਉਂਦੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰਕਾਰੀ ਸਿਹਤ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਵਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਵਿੱਚੋਂ ਸਭ ਤੋਂ ਵੱਧ ਮਹਿਲਾਵਾਂ ਅਤੇ ਉਸ ਤੋਂ ਬਾਅਦ ਬਜ਼ੁਰਗਾਂ ਦੀ ਗਿਣਤੀ ਵੱਧ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਦੇ ਨੇੜੇ ਹੀ ਬਿਹਤਰ ਇਲਾਜ ਮੁਫ਼ਤ ਮਿਲ ਜਾਂਦਾ ਹੈ ਆਮ ਆਦਮੀ ਕਲੀਨਿਕਾਂ ਨੂੰ ਵਟਸਐਪ ਚੈਟਬੋਟ ਨਾਲ ਜੋੜਨ ਦੇ ਉਪਰਾਲੇ ਨੂੰ ਸਿਹਤ ਖੇਤਰ ਵਿੱਚ ਇਕ ਹੋਰ ਵੱਡੀ ਪ੍ਰਾਪਤੀ ਦੱਸਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਹੁਣ ਮਰੀਜ਼ ਜਦੋਂ ਚਾਹੁਣ, ਆਪਣੀਆਂ ਦਵਾਈਆਂ ਜਾਂ ਜਾਂਚ ਰਿਪੋਰਟਾਂ ਮੋਬਾਈਲ ਉੱਤੇ ਦੇਖ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਆਵੇਗਾ।

# ਦੂਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਇੰਡੀਆ ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਹਿਸਾ ਲਿਆ

## ਸਰਦਾਰ ਗਗਨਦੀਪ ਸਿੰਘ ਵਿਦਿਆਰਥੀ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ

ਗੁਰਦਾਸਪੁਰ ( ਜਸਵਿੰਦਰ ਸਿੰਘ ) -ਇੰਡੀਆ ਓਪਨ ਸਪੀਡ ਸਕੇਟਿੰਗ ਚੈਂਪੀਅਨਸ਼ਿਪ 2025 ਦੇ ਮੁਕਾਬਲੇ ਕੇ ਐਲ ਐਮ ਸਕੂਲ ਪਠਾਨਕੋਟ ਵਿਖੇ ਕਰਵਾਏ ਗਏ ਜਿਸ ਵਿੱਚ ਦੂਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਗੁਰ ਨਿਵਾਜ ਸਿੰਘ, ਹਰਕੀਰਤ ਕੌਰ ਹਾਰਦਿਕ ਅਤਰੀ, ਵਿਨਮ ਪ੍ਰੀਤ ਕੌਰ , ਰਿਤਵਿਕ ਗੁਪਤਾ ਨੇ ਸੋਨੇ ਦਾ ਤਗਮਾ , ਮਨਰੀਤ ਕੌਰ ,ਮਹਰੀਤ ਕੌਰ, ਗੁਨਰਾਜ ਸਿੰਘ ਬਾਜਵਾ, ਰਿਆਂਸ਼ ਠਾਕੁਰ , ਸਮਰਜੀਤ ,ਰਕਸ਼ਿਤਾ , ਅਨਹਦਜੋਤ ਸਿੰਘ, ਮਦੇਸ਼ ਮਹਿਤਾ, ਪਾਰਥ ਭੰਡਾਰੀ ਨੇ ਚਾਂਦੀ ਦਾ ਤਗਮਾ, ਕੰਨੀਕਾ ਠਾਕੁਰ, ਕਬੀਰ



ਕਟਾਰੀਆ ,ਸਮਾਇਆ ਬੇਦੀ ,ਅੰਗਦਵੀਰ ਸਿੰਘ ਅੰਸ਼ਪ੍ਰੀਤ ਕੌਰ ਅਤੇ ਜਸਨੂਰ ਨੇ ਕਾਂਸੀ ਦਾ ਤਗਮਾ ਜਿੱਤਿਆ ਇਸ ਮੌਕੇ ਡਾਇਰੈਕਟਰ ਸਰਦਾਰ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਊਸ਼ਾ ਸ਼ਰਮਾ ਜੀ ਨੇ ਵਿਦਿਆਰਥੀ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਉਸ ਨੂੰ ਅੱਗੇ ਤੋਂ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਤੇ ਉਸ ਦੀ ਸਲਾਘਾ ਕਰਦੇ ਹੋਏ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ

# ਐਸ ਡੀ ਐਮ ਵੱਲੋਂ ਮੰਡ ਖੇਤਰ ਦਾ ਦੌਰਾ - ਪਿੰਡਾਂ ਦਾ ਦੌਰਾ ਕਰਕੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ

## ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ - ਸਥਿਤੀ ਕਾਬੂ ਹੇਠ

ਸੁਲਤਾਨਪੁਰ ਲੋਧੀ, ਰਣਜੀਤ ਸਿੰਘ ਚੰਦੀ,ਸ਼ਰਮਾ-ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਦੇ ਨਿਰਦੇਸ਼ਾਂ ਅਨੁਸਾਰ ਅੱਜ ਸੁਲਤਾਨਪੁਰ ਲੋਧੀ ਦੇ ਐਸ ਡੀ ਐਮ ਅਲਕਾ ਕਾਲੀਆ ਵੱਲੋਂ ਮੰਡ ਦੇ ਖੇਤਰਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ । ਡਿਪਟੀ ਕਮਿਸ਼ਨਰ ਸ੍ਰੀ ਪੰਚਾਲ ਨੇ ਦੱਸਿਆ ਕਿ ਐਸ ਡੀ ਐਮਜ ਨੂੰ ਮਾਨਸੂਨ ਸੀਜ਼ਨ ਦੌਰਾਨ ਸੰਭਾਵੀ ਤੌਰ ਉੱਪਰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਲੋਕਾਂ ਨਾਲ ਰਾਬਤਾ ਰੱਖਣ ਦੇ ਹੁਕਮ ਦਿੱਤੇ ਗਏ ਹਨ ਤਾਂ ਜੋ ਹਾਲਾਤ ਉੱਪਰ ਲਗਾਤਾਰ ਨਿਗਰਾਨੀ ਰੱਖੀ ਜਾ ਸਕੇ । ਡੈਮਾਂ ਤੋਂ ਛੱਡੇ ਜਾਣ ਵਾਲੇ ਪਾਣੀ ਦੀ ਸੂਚਨਾ ਲਈ ਜਿੱਥੇ ਡਰੇਨਜ ਵਿਭਾਗ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ, ਉੱਥੇ ਹੀ ਜਿਲ੍ਹਾ ਪੱਧਰੀ ਕੰਟਰੋਲ ਰੂਮ 01822-231990 ਵੀ ਸਥਾਪਿਤ ਕੀਤਾ ਗਿਆ ਹੈ ਤਾਂ ਜੋ ਲੋੜ ਅਨੁਸਾਰ ਲੋਕ ਸਿੱਧਾ ਸੰਪਰਕ ਕਰ ਸਕਣ । ਇਸ ਤੋਂ ਇਲਾਵਾ ਡਰੇਨਜ ਵਿਭਾਗ ਦੇ ਅਧਿਕਾਰੀਆਂ ਵੱਲੋਂ ਲਗਾਤਾਰ ਧੁੱਸੀ ਬੰਨ੍ਹ ਉੱਪਰ



ਗਸ਼ਤ ਕੀਤੀ ਜਾ ਰਹੀ ਹੈ । ਸੰਵੇਦਨਸ਼ੀਲ ਥਾਵਾਂ ਉੱਪਰ ਰੇਤ / ਮਿੱਟੀ ਦੇ ਭਰੇ ਬੋਰਿਆਂ ਦਾ ਭੰਡਾਰਨ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਔਖੇ ਸਮੇਂ ਇਨ੍ਹਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ

# ਬਘੇਲ ਸਿੰਘ ਬਾਹੀਆਂ ਨੂੰ ਭਾਜਪਾ ਨੇ ਸੌਂਪੀ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ

## 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ -ਲੋਕ ਸਭਾ ਇੰਚਾਰਜ ਦਿਨੇਸ਼ ਬੱਬੂ

ਗੁਰਦਾਸਪੁਰ ( ਜਸਵਿੰਦਰ ਸਿੰਘ ) ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਵੱਲੋਂ ਬਘੇਲ ਸਿੰਘ ਬਾਹੀਆਂ ਨੂੰ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਨਵੀਂ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਬਘੇਲ ਸਿੰਘ ਬਾਹੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਸ਼ਟਰੀ ਪ੍ਰਧਾਨ ਜੇਪੀ ਨੱਡਾ, ਪੰਜਾਬ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਚੋਣ ਅਤੇ ਲੋਕ ਸਭਾ ਇੰਚਾਰਜ ਦਿਨੇਸ਼ ਬੱਬੂ, ਚੋਣ ਗੁਰਦਾਸਪੁਰ ਆਬਜ਼ਰਵਰ ਮੋਹਨ ਲਾਲ ਸੇਠੀ, ਸਹਿ-ਇੰਚਾਰਜ ਅਨਿਲ ਵਾਸੂਦੇਵਾ, ਸ਼ਿਵਬੀਰ ਸਿੰਘ ਰਾਜਨ ਅਤੇ ਪਾਰਟੀ ਦੀ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ ਉਨ੍ਹਾਂ ਦੀ ਨਿਯੁਕਤੀ ਨਾਲ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਹਾਰ ਪਾ ਕੇ ਵਧਾਈ ਦਿੱਤੀ ਹੈ ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆਂ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਵੱਡੀ ਜ਼ਿੰਮੇਵਾਰੀ ਨੂੰ ਪੂਰੀ ਲਗਨ ਨਾਲ ਨਿਭਾਉਣਗੇ




ਜਦੋਂ ਕਿ ਉਹ ਪਾਰਟੀ ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾਉਣਗੇ ਇਸ ਦੇ ਨਾਲ ਹੀ ਉਹ ਮੁਸ਼ਕਲ ਸਮੇਂ ਵਿੱਚ ਆਪਣੇ ਵਰਕਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣਗੇ ਉਨ੍ਹਾਂ ਕਿਹਾ ਕਿ ਜਦੋਂ ਵੀ ਵਰਕਰਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੋਵੇਗੀ, ਉਹ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿਣਗੇ ਉਨ੍ਹਾਂ ਕਿਹਾ ਕਿ ਭਾਜਪਾ ਹੀ ਇਕਲੌਤੀ ਪਾਰਟੀ ਹੈ ਜੋ ਪਾਰਟੀ ਵਿੱਚ ਆਪਣੇ ਮਿਹਨਤੀ ਵਰਕਰਾਂ ਨੂੰ ਪੂਰਾ ਸਤਿਕਾਰ ਦਿੰਦੀ ਹੈ ਚੋਣ ਅਤੇ ਲੋਕ ਸਭਾ ਇੰਚਾਰਜ ਦਿਨੇਸ਼ ਬੱਬੂ ਨੇ ਕਿਹਾ ਕਿ ਪਾਰਟੀ ਦੇ ਜ਼ਿਲ੍ਹਾ ਮੁਖੀ ਦੀ ਜ਼ਿੰਮੇਵਾਰੀ ਹੈ ਕਿ ਉਹ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਤਾਂ ਜੋ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਈ ਜਾ ਸਕੇ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# 159ਵੇਂ ਰਾਸ਼ਨ ਵੰਡ ਸਮਾਰੋਹ ਦੌਰਾਨ 45 ਪਰਿਵਾਰਾਂ ਨੂੰ ਦਿੱਤੀ ਰਾਸ਼ਨ ਸਮੱਗਰੀ

ਅੰਮ੍ਰਿਤਸਰ (ਲੋਕ ਬਾਣੀ)- ਸ੍ਰੀ ਮੁਕਤੀ ਨਰਾਇਣ ਧਾਮ ਵੈਂਕਟੇਸ ਪ੍ਰਸਾਦ ਮੰਦਿਰ ਗਰੀਨ ਫੀਲਡ,ਮਜੀਠਾ ਰੋਡ ਵਿਖੇ 159ਵੇਂ ਰਾਸ਼ਨ ਵੰਡ ਸਮਾਰੋਹ ਦੇ ਦੌਰਾਨ 45 ਜਰੂਰਮੰਦ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ। ਸੁਆਮੀ ਸੁਦਰਸ਼ਨਾ ਅਚਾਰਿਆ ਜੀ ਮਹਾਰਾਜ ਜੀ ਚੈਰੀਟੇਬਲ ਟਰੱਸਟ ਵੱਲੋਂ ਆਯੋਜਿਤ ਸਮਾਰੋਹ ਦੇ ਦੌਰਾਨ ਕਮੇਟੀ ਦੇ ਅਹੁਦੇਦਾਰ ਚਰਨਜੀਤ ਅਗਨੀਹੋਤਰੀ, ਧਰਮਪਾਲ ਪਰਾਸ਼ਰ,ਰਵੀ ਸ਼ਰਮਾ, ਚਰਨਜੀਤ ਭਾਸਕਰ, ਅਸ਼ੋਕ ਗੁਪਤਾ ਸਮੇਤ ਹੋਰ ਕਈ ਮੈਂਬਰ ਵੀ ਮੌਜੂਦ ਸਨ। ਅਹੁਦੇਦਾਰਾਂ ਨੇ ਕਿਹਾ ਕਿ ਜਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਭੇਂਟ ਕਰਨ ਦੇ ਨਾਲ ਨਾਲ ਟਰੱਸਟ ਵੱਲੋਂ ਧਾਰਮਿਕ ਅਤੇ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ ਕੇ ਯੋਗਦਾਨ ਅਦਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੰਦਿਰ ਕਮੇਟੀ ਵੱਲੋਂ ਅਯੋਜਿਤ ਧਾਰਮਿਕ ਪ੍ਰੋਗਰਾਮਾਂ ਵਿੱਚ ਨੌਜਵਾਨ ਵਰਗ ਦਾਬ ਵੱਧ ਚੜ ਕੇ ਭਾਗ ਲੈਣਾ ਖੁਸ਼ੀ ਵਾਲੀ ਗੱਲ ਹੈ। ਉਹਨਾਂ ਨੇ ਕਿਹਾ ਕਿ ਅਜਿਹੇ ਨੌਜਵਾਨਾਂ ਤੋ ਸਬਕ ਲੈਂਦੇ ਹੋਏ ਨਸ਼ੇ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਨੌਜਵਾਨਾਂ ਨੂੰ ਧਾਰਮਿਕ ਕੰਮਾਂ ਵਿੱਚ ਆਪਣਾ ਵੱਧ ਚੜ ਕੇ ਯੋਗਦਾਨ ਅਦਾ ਕਰਨਾ ਚਾਹੀਦਾ ਹੈ। ਇਸ ਇਸ ਮੌਕੇ ਤੇ ਨਵਦੀਪ ਸ਼ਰਮਾ, ਸੰਤੋਸ਼ ਪੰਡਿਤ,ਜੈ ਕਿਸ਼ਨ, ਪੰਡਿਤ ਵਿਜੇ ਸਮੇਤ ਹੋਰ ਇਲਾਕਾਨਿਵਾਸੀ ਵੀ ਮੌਜੂਦ ਸਨ।



# ਮਾਂ ਦਾ ਦੁੱਧ ਬੱਚੇ ਦੇ ਸਰਵਪੱਖੀ ਵਿਕਾਸ ਲਈ ਪੋਸ਼ਣ ਦਾ ਸੱਭ ਤੋਂ ਵਧੀਆ ਸਰੋਤ : ਡਾਕਟਰ ਰਾਜ ਕੁਮਾਰ ਸਿਵਲ ਸਰਜਨ

## ਬੱਚੇ ਨੂੰ ਪਹਿਲੇ ਛੇ ਮਹੀਨੇ ਸਿਰਫ਼ ਮਾਂ ਦਾ ਦੁੱਧ ਹੀ ਦਿੱਤਾ ਜਾਵੇ - ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ

ਫਾਜ਼ਿਲਕਾ (ਲੋਕ ਬਾਣੀ) — ਪੰਜਾਬ ਸਰਕਾਰ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਜੀ ਦੀ ਉਚੇਚੀ ਨਿਗਰਾਨੀ, ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ ਅਤੇ ਡਾਕਟਰ ਅਰਪਿਤ ਗੁਪਤਾ ਜ਼ਿਲ੍ਹਾ ਟੀਕਾਕਰਣ ਅਫ਼ਸਰ ਦੀ ਦੇਖਰੇਖ ਵਿੱਚ ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ 01 ਅਗਸਤ ਤੋਂ 07 ਅਗਸਤ ਤੱਕ ਵਿਸ਼ੇਸ਼ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਫੀਲਡ ਸਟਾਫ ਲਈ ਆਯੋਜਿਤ ਵਰਕਸ਼ਾਪ ਦੌਰਾਨ ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਕਰਮੀਆਂ ਵੱਲੋਂ ਗਰਭਵਤੀ ਔਰਤਾਂ, ਦੁੱਧ ਚੁੰਘਾਉਣ ਵਾਲੀਆਂ ਮਾਵਾਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਲਗਾਤਾਰ ਜਾਗਰੂਕ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਾਂ ਦਾ ਦੁੱਧ ਬੱਚੇ ਦੇ ਸਰਵਪੱਖੀ ਵਿਕਾਸ ਲਈ ਪੋਸ਼ਣ ਦਾ ਸੱਭ ਤੋਂ ਉੱਤਮ ਸਰੋਤ ਹੈ। ਬੱਚਿਆਂ ਨੂੰ ਮਾਂ ਦਾ ਦੁੱਧ ਪਿਆਉਣ ਨਾਲ ਬਿਮਾਰੀਆਂ ਲੱਗਣ ਦਾ ਖ਼ਤਰਾ ਘੱਟ ਹੁੰਦਾ ਹੈ।




# ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਵਿਆਪਕ ਸਿਖਲਾਈ: ਮਾਹਿਰ ਤਕਨੀਕੀ ਅਤੇ ਆਰਥਿਕ ਜਾਣਕਾਰੀ ਦੇਣਗੇ

ਫਾਜ਼ਿਲਕਾ, (ਲੋਕ ਬਾਣੀ)= ਆਈਸੀਏਆਰ-ਸੀਫੇਟ ਦੇ ਡਾਇਰੈਕਟਰ ਡਾ. ਨਚੀਕੇਤ ਕੋਤਵਾਲੀਵਾਲੇ ਅਤੇ ਖੇਤਰੀ ਕੇਂਦਰ ਸੀਫੇਟ ਅਬੋਹਰ ਦੇ ਮੁਖੀ ਡਾ. ਅਮਿਤ ਨਾਥ ਦੀ ਅਗਵਾਈ ਹੇਠ ਅੱਜ ਕ੍ਰਿਸ਼ੀ ਵਿਗਿਆਨ ਕੇਂਦਰ (ਕੇਵੀਕੇ) ਫਾਜ਼ਿਲਕਾ ਵਿਖੇ ਪੰਜ ਦਿਨਾਂ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ (ਸੀਆਰਐਮ) ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। 4 ਤੋਂ 8 ਅਗਸਤ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਦੇ ਨਵੇਂ ਤਕਨੀਕੀ ਤਰੀਕਿਆਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਖੇਤੀਬਾੜੀ, ਬਾਗਬਾਨੀ, ਨੀਤੀਆਂ ਅਤੇ ਕਰਜ਼ਾ ਸਹੂਲਤਾਂ ਵਰਗੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਉਣਾ ਹੈ। ਇਸ ਪ੍ਰੋਗਰਾਮ ਦਾ ਉਦਘਾਟਨ ਕ੍ਰਿਸ਼ੀ ਵਿਗਿਆਨ ਕੇਂਦਰ ਫਾਜ਼ਿਲਕਾ ਦੇ ਮੁਖੀ ਡਾ. ਅਰਵਿੰਦ ਅਹਲਾਵਤ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਉਨ੍ਹਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਵਿਗਿਆਨਕ ਪ੍ਰਬੰਧਨ ਅਤੇ ਵਾਤਾਵਰਣ ਸੁਰੱਖਿਆ ਅਤੇ ਆਮਦਨ ਵਾਧੇ ਲਈ ਇਸਦੀ ਵਰਤੋਂ ਬਾਰੇ ਚਾਨਣਾ ਪਾਇਆ। ਸਿਖਲਾਈ ਕੋਆਰਡੀਨੇਟਰ ਡਾ. ਕਿਸ਼ਨ ਪਟੇਲ ਨੇ ਸਿਖਲਾਈ ਪ੍ਰੋਗਰਾਮ ਦੀ ਰੂਪ-ਰੇਖਾ ਪੇਸ਼ ਕਰਦੇ ਹੋਏ ਕਿਹਾ ਕਿ ਅਗਲੇ ਪੰਜ ਦਿਨਾਂ ਵਿੱਚ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਦੀਆਂ ਇਨ-ਸੀਟੂ ਅਤੇ ਐਕਸ-ਸੀਟੂ ਤਕਨੀਕਾਂ, ਸਰਕਾਰੀ ਯੋਜਨਾਵਾਂ, ਬੈਂਕ ਅਤੇ ਨਾਬਾਰਡ ਕਰਜ਼ਾ ਸਹੂਲਤਾਂ, ਖੇਤੀਬਾੜੀ ਮਸ਼ੀਨੀਕਰਨ, ਬਾਗਬਾਨੀ ਵਿੱਚ ਰਹਿੰਦ-ਖੂੰਹਦ ਦੀ ਵਰਤੋਂ ਅਤੇ ਵੱਖ-ਵੱਖ ਉੱਦਮਤਾ ਦੇ ਮੌਕਿਆਂ ਬਾਰੇ ਮਾਹਿਰ ਲੈਕਚਰ ਦਿੱਤੇ ਜਾਣਗੇ। ਸ਼੍ਰੀ ਰਾਜੇਸ਼ ਕੁਮਾਰ, ਡਾ. ਪ੍ਰਕਾਸ਼, ਡਾ. ਰਮੇਸ਼ ਕਾਂਤਵਾ, ਸ਼੍ਰੀ ਪ੍ਰਿਥਵੀਰਾਜ, ਸ਼੍ਰੀ ਹਰਿੰਦਰ ਦਹੀਆ ਅਤੇ ਡਾ. ਰੁਪਿੰਦਰ ਕੌਰ ਸਮੇਤ ਹੋਰ ਵਿਗਿਆਨੀ ਅਤੇ ਸਟਾਫ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਪਹਿਲੇ ਦਿਨ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਦੀ ਮਹੱਤਤਾ ਅਤੇ ਮਿੱਟੀ ਦੀ ਉਪਜਾਊ ਸ਼ਕਤੀ, ਜਲਵਾਯੂ ਸੁਰੱਖਿਆ ਅਤੇ ਲਾਗਤ ਘਟਾਉਣ ਦੇ ਮਾਮਲੇ ਵਿੱਚ ਇਸਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ। ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਲਗਭਗ 25 ਪ੍ਰਗਤੀਸ਼ੀਲ ਕਿਸਾਨ ਇਸ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹਨ।




# ਪੋਸਤ ਦੀ ਤਸਕਰੀ ਕਰਨ ਵਾਲੇ ਨੂੰ 10 ਸਾਲਾਂ ਦੀ ਸਖਤ ਕੈਦ, 1 ਲੱਖ ਜੁਰਮਾਨਾ

ਫਾਜਿਲਕਾ, (ਲੋਕ ਬਾਣੀ)- ਫਾਜ਼ਿਲਕਾ ਦੀ ਸਪੈਸ਼ਲ ਕੋਰਟ ਤੇ ਮਾਨਯੋਗ ਜੱਜ ਸ੍ਰੀ ਅਜੀਤ ਪਾਲ ਸਿੰਘ ਦੀ ਅਦਾਲਤ ਵੱਲੋਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਪੋਸਤ ਦੀ ਤਸਕਰੀ ਕਰਨ ਵਾਲੇ ਦੋਸ਼ੀ ਬਲਵਿੰਦਰ ਸਿੰਘ ਉਰਫ ਭਿੰਦਰ ਨੂੰ 10 ਸਾਲ ਦੀ ਸਖਤ ਸਜ਼ਾ ਅਤੇ ਇਕ ਲੱਖ ਰੁਪਏ ਦੇ ਜੁਰਮਾਨਾ ਕੀਤਾ ਹੈ। ਬਲਵਿੰਦਰ ਸਿੰਘ ਤੇ ਦੋਸ਼ ਸੀ ਕਿ ਉਹ ਆਪਣੀ ਟਰੱਕ ਨੰਬਰ ਪੀਬੀ 05 ਜੇ 9505 ਰਾਹੀਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਪੋਸਤ ਲਿਆ ਕੇ ਪੰਜਾਬ ਵਿੱਚ ਸਪਲਾਈ ਕਰਦਾ ਸੀ । ਗੁਪਤ ਸੂਚਨਾ ਦੇ ਅਧਾਰ ਤੇ ਪੁਲਿਸ ਨੇ ਉਸਦੇ ਟਰੱਕ ਸਮੇਤ ਉਸ ਨੂੰ ਗੰਗਾ ਨਗਰ ਬਾਈਪਾਸ ਚੌਂਕ ਅਬੋਹਰ ਤੋਂ ਗਿਰਫਤਾਰ ਕੀਤਾ ਸੀ ਅਤੇ ਉਸ ਤੋਂ 168 ਕਿਲੋ ਪੋਸਤ ਬਰਾਮਦ ਹੋਇਆ ਸੀ। ਇਸ ਸਬੰਧ ਵਿੱਚ ਐਫਆਈਆਰ ਨੰਬਰ 92 ਮੀਤੀ 16 ਨਵੰਬਰ 2022 ਅਧੀਨ ਧਾਰਾ 15, 29 ਐਨਡੀਪੀਐਸ ਐਕਟ ਤਹਿਤ ਥਾਣਾ ਸਿਟੀ ਅਬੋਹਰ ਦੋ ਵਿਖੇ ਦਰਜ ਕੀਤਾ ਗਿਆ ਸੀ । ਐਫਆਈਆਰ ਅਨੁਸਾਰ ਦੋਸ਼ੀ ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ ਪੋਸਤ ਲਿਆ ਕੇ ਪੰਜਾਬ ਵਿੱਚ ਵੇਚਦਾ ਸੀ । ਜੇਕਰ ਦੋਸ਼ੀ ਇਕ ਲੱਖ ਰੁਪਏ ਦਾ ਜੁਰਮਾਨਾ ਨਹੀਂ ਭਰੇਗਾ ਤਾਂ ਉਸਨੂੰ ਇੱਕ ਸਾਲ ਵਾਧੂ ਜੇਲ ਭੁਗਤਣੀ ਪਵੇਗੀ।



# ਸਿਮਰਜੀਤ ਸਿੰਘ ਸਾਬ ਬਣੇ 'ਆਪ' ਪਾਰਟੀ ਦੇ ਟਰੇਡ ਵਿੰਗ ਗੁਰਦਾਸਪੁਰ ਦੇ ਜ਼ਿਲ੍ਹਾ ਇੰਚਾਰਜ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਸਿਮਰਜੀਤ ਸਿੰਘ**

ਗੁਰਦਾਸਪੁਰ: ( ਜਸਵਿੰਦਰ ਸਿੰਘ )- ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਦੇ ਵਸਨੀਕ ਸਿਮਰਜੀਤ ਸਿੰਘ ਸਾਬ ਨੂੰ ਆਮ ਆਦਮੀ ਪਾਰਟੀ ਟ ?ਰੇਡ ਵਿੰਗ ਗੁਰਦਾਸਪੁਰ ਦਾ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤਾ ਹੈ ਇਸ ਮੌਕੇ ਸਿਮਰਜੀਤ ਸਿੰਘ ਸਾਬ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਪੰਜਾਬ ਪ੍ਰਧਾਨ ਟਰੇਡ ਵਿੰਗ ਸ੍ਰੀ ਅਨਿਲ ਠਾਕੁਰ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਸਿਮਰਜੀਤ ਸਿੰਘ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਸਿਮਰਜੀਤ ਸਿੰਘ ਨੇ ਕਿਹਾ ਕਿ ਉਹ ਜ਼ਿਲ੍ਹੇ ਦੀ ਟ ?ਰੇਡ ਵਿੰਗ ਦੀ ਪੂਰੀ ਟੀਮ ਨੂੰ ਨਾਲ ਲੈ ਕੇ ਵਪਾਰੀਆਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਦਿਨ-ਰਾਤ ਕੰਮ ਕਰਨਗੇ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਦੀਆਂ ਜਨ-ਹਿਤੈਸ਼ੀ ਨੀਤੀਆਂ ਨੂੰ ਵਪਾਰੀਆਂ ਤੱਕ ਪਹੁੰਚਾਇਆ ਜਾਵੇਗਾ ਅਤੇ ਵਪਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਉਨ੍ਹਾਂ ਨੇ ਵਪਾਰੀ ਭਾਈਚਾਰੇ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੇ ਹੱਕਾਂ ਅਤੇ ਸਮੱਸਿਆਵਾਂ ਨੂੰ ਪਾਰਟੀ ਦੇ ਉੱਚ ਔਹਦੇਦਾਰਾਂ ਤੱਕ ਪਹੁੰਚਾਇਆ ਜਾਵੇਗਾ ਅਤੇ ਉਹਨਾਂ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ



# ਸਕੂਲ ਦੇ ਸਟਾਫ ਦੇ ਸਹਿਯੋਗ ਨਾਲ 'ਯੁੱਧ ਨਸ਼ਿਆਂ ਵਿਰੁੱਧ' ਸਬੰਧੀ ਇੱਕ ਸੈਮੀਨਾਰ ਕੀਤਾ ਗਿਆ

ਜਲੰਧਰ (ਲੋਕ ਬਾਣੀ)-ਅੱਜ ਮਿਤੀ 04:08:2025 ਨੂੰ ਮਾਨਯੋਗ ਸਪੈਸਲ ਡਾਇਰੈਕਟਰ ਜਨਰਲ ਪੁਲਿਸ ਕਮਿਉਨਿਟੀ ਅਫੇਅਰ ਡਵੀਜਨ ਪੰਜਾਬ ਜੀ, ਅਤੇ ਮੈਡਮ ਧੰਨਪ੍ਰੀਤ ਕੌਰ ਆਈ.ਪੀ.ਐਸ. ਪੁਲਿਸ ਕਮਿਸਨਰ ਜਲੰਧਰ ਜੀ, ਅਤੇ ਸ੍ਰੀ ਸੁਖਵਿੰਦਰ ਸਿੰਘ ਵਧੀਕ ਡਿਪਟੀ ਕਮਿਸਨਰ ਪੁਲਿਸ ਸਥਾਨਕ ਕਮ ਜਿਲਾ ਕਮਿਉਨਿਟੀ ਪੁਲਿਸ ਅਫਸਰ ਕਮਿਸ਼ਨਰੇਟ ਜਲੰਧਰ ਜੀ ਦੀਆਂ ਹਦਾਇਤਾਂ ਅਨੁਸਾਰ ਸਬ:ਇੰਸ: ਰਘਬੀਰ ਸਿੰਘ ਸੁਪਰਵਾਈਜਰ ਅਫਸਰ ਸਬ ਡਵੀਜਨ ਸਾਂਝ ਕੇਂਦਰ ਵੈਸਟ/ਮਾਡਲ ਟਾਉਨ ਜਲੰਧਰ ਸਮੇਤ Asi ਸੁਖਵਿੰਦਰ ਸਿੰਘ ਸਾਂਝ ਕੇਂਦਰ ਵੈਸਟ ਵੱਲੋ ਪ੍ਰਕਾਸਵਤੀ ਸਰਵਹਿਤਕਾਰੀ ਵਿਦਿਆ ਮੰਦਰ ਸਕੂਲ ਮਿੱਠਾ ਪੁਰ ਜਲੰਧਰ ਵਿਖੇ ਸਕੂਲ ਦੇ ਸਟਾਫ ਦੇ ਸਹਿਯੋਗ ਨਾਲ 'ਯੁੱਧ ਨਸਿਆ ਵਿਰੁੱਧ' ਸਬੰਧੀ ਇੱਕ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਹਾਜਰੀਨ ਨੂੰ ਆਮ ਅਵੇਅਰਨੈਸ ਦੇ ਨਾਲ-ਨਾਲ ਟਰੈਫਿਕ ਨਿਯਮਾ, ਸਾਈਬਰ ਕਰਾਈਮ ਅਤੇ ਨਸਿਆ ਦੇ ਮਾੜੇ ਪ੍ਰਭਾਵਾ ਅਤੇ ਨਸਿਆ ਦੀ ਰੋਕਥਾਮ ਸਬੰਧੀ ਵਿਸਥਾਰ ਨਾਲ ਜਾਣੂ ਕਰਾਇਆ ਗਿਆ, ਅਤੇ ਵੱਖ-ਵੱਖ ਹੈਲਪ ਲਾਈਨ ਨੰਬਰਾ ਬਾਰੇ ਵੀ ਜਾਣੂ ਕਰਾਇਆ ਗਿਆ। ਇਸ ਮੌਕੇ ਸ੍ਰੀਮਤੀ ਮੀਨਲ ਵਰਮਾ AR ਸਮਾਜ ਸੇਵਕ ਵੀ ਹਾਜਰ ਸਨ।



# ਨਸ਼ਿਆ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ : ਪੀਟਰ ਮੱਟੂ ਧਾਰੀਵਾਲ

**ਪੰਜਾਬ ਨੂੰ ਨਸ਼ਾਂ ਮੁਕਤ ਕਰਨ ਲੜਾਈ ਹਰ ਪਿੰਡ-ਪਿੰਡ ਤੋਂ ਸ਼ੁਰੂ ਹੋ ਚੁੱਕੀ ਹੈ ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣ ਕੰਮ ਕਰਨ**

ਗੁਰਦਾਸਪੁਰ, ( ਜਸਵਿੰਦਰ ਸਿੰਘ ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਤਹਿਤ ਵਿਖੇ ਜਾਗਰੂਕਤਾ ਸਭਾਵਾਂ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਗੁਰਦਾਸਪੁਰ ਨਗਰ ਸੁਧਾਰ ਟਰੱਸਟ ਦੇ ਟਰੱਸਟੀ ਪੀਟਰ ਮੱਟੂ ਧਾਰੀਵਾਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਰੌਸ਼ਨ ਭਵਿੱਖ ਵੱਲ ਲਿਜਾਣਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ ?ਲਾਫ਼ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸਦੇ ਲਈ ਜ਼ਮੀਨੀ



ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ ਇਸ ਮੌਕੇ ਤੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਇਲਾਕੇ ਦੇ ਵਸਨੀਕਾਂ ਨੇ ਆਪਣੇ ਪਿੰਡਾਂ ਚੇ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਦੇਣਗੇ ਅਤੇ ਅਜਿਹੇ ਅਨਸਰਾਂ ਦਾ ਮੁਕੰਮਲ ਬਾਈਕਾਟ ਕਰਨਗੇ

# ਚੀਮਾ ਨੇ ਅਕਾਲੀ ਆਗੂਆਂ ਅਤੇ ਵਰਕਰਾਂ ਨਾਲ ਰੱਕੜ ਪੁੰਨਿਆ ਸਬੰਧੀ ਮੀਟਿੰਗ ਕੀਤੀ

ਅੰਮ੍ਰਿਤਸਰ, (ਲੋਕ ਬਾਣੀ)- ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ 9 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਰੱਕੜ ਪੁੰਨਿਆ ਸਬੰਧੀ ਹੋਣ ਵਾਲੀ ਸਿਆਸੀ ਕਾਨਫਰੰਸ ਵਿੱਚ ਸ਼ਾਮਲ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ.ਦਲਜੀਤ ਸਿੰਘ ਚੀਮਾ ਨੇ ਐਤਵਾਰ ਨੂੰ ਜ਼ਿਲ੍ਹਾ ਸ਼ਹਿਰੀ ਕਮੇਟੀ ਦੇ ਪ੍ਰਧਾਨ, ਸਰਕਲ ਇੰਚਾਰਜ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਕਰਕੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਕਾਨਫਰੰਸ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਅਤੇ ਪੰਜਾਬ ਦੀ ਪਾਰਟੀ ਹੈ ਅਤੇ ਕਿਸਾਨਾਂ ਦੇ ਸੰਘਰਸ਼ ਵਿੱਚ ਪਾਰਟੀ ਉਨ੍ਹਾਂ ਕਿਸਾਨਾਂ ਅਤੇ ਸੰਗਠਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਜੋ ਮਾਨ ਸਰਕਾਰ ਵਿਰੁੱਧ ਲੜ ਰਹੇ ਹਨ। ਡਾ. ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਲੈਂਡ ਪੂਲਿੰਗ ਨੀਤੀ ਲਿਆ ਕੇ ਮਾਨ ਸਰਕਾਰ ਕਿਸਾਨਾਂ 'ਤੇ ਜ਼ੁਲਮ ਕਰ ਰਹੀ ਹੈ ਤਾਂ ਜੋ ਪੰਜਾਬ ਦੀ ਜ਼ਮੀਨ ਦਿੱਲੀ ਦੇ ਕਾਰੋਬਾਰੀਆਂ ਨੂੰ ਸਸਤੇ ਭਾਅ 'ਤੇ ਦਿੱਤੀ ਜਾ ਸਕੇ।



ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਿਰਫ਼ ਤਿੰਨ ਸਾਲਾਂ ਵਿੱਚ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਦੁਖੀ ਹਨ ਅਤੇ 2027 ਵਿੱਚ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਆਵੇਗੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਜਥੇਦਾਰ ਸਵਰਨ ਸਿੰਘ ਹਰੀਪੁਰਾ ਨੇ ਕਿਹਾ ਕਿ ਭਗਵੰਤ ਮਾਨ ਨੇ ਆਪਣੇ ਮਾਲਕ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਲਈ ਪੰਜਾਬ ਨੂੰ ਸ਼ਰਾਰਤੀ ਅਨਸਰਾਂ ਦੇ ਹਵਾਲੇ ਕਰ ਦਿੱਤਾ ਹੈ, ਹਰ ਰੋਜ਼ ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਗੋਲੀਆਂ ਮਾਰ ਕੇ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੱਖੜ ਪੁੰਨਿਆ 'ਤੇ ਹੋਣ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ 2027 ਲਈ ਇੱਕ ਮਿਸਾਲ ਕਾਇਮ ਕਰੇਗੀ।

# ਨਗਰ ਨਿਗਮ ਦਾ ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ ਅਤੇ ਸਾਫ ਸਫਾਈ ਦਾ ਅਭਿਆਨ 7 ਦਿਨ ਵੀ ਮਕਬੂਲਪੁਰਾ ਚੌਕ ਤੇ ਰਿਹਾ ਜਾਰੀ

ਅੰਮ੍ਰਿਤਸਰ, (ਲੋਕ ਬਾਣੀ)- ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਅਗੁਵਾਈ ਹੇਠ ਸ਼ਹਿਰ ਦੀਆਂ ਸੜਕਾਂ ਦੀ ਸੁੰਦਰੀਕਰਨ ਅਤੇ ਸਾਫ ਸਫਾਈ ਦਾ 7 ਦਿਨਾਂ ਆਭਿਆਨ ਚਲਾਇਆ ਜਾ ਰਿਹਾ ਹੈ। ਇਸ ਅਭਿਆਨ ਦੀ ਸੁਰੂਆਤ ਮਿਤੀ 28 ਜੁਲਾਈ 2025 ਨੂੰ ਸ਼ਹਿਰ ਦੇ ਮੁੱਖ ਐਂਟਰੀ ਪੁਆਂਇੰਟ ਗੋਲਡਨ ਗੇਟ ਤੋ ਕੀਤੀ ਗਈ ਸੀ ਇਸ ਅਭਿਆਨ ਵਿੱਚ ਡੇਰਾ ਬਾਬਾ ਭੂਰੀ ਵਾਲਿਆਂ ਵਲੋਂ ਆਪਣਾ ਯੋਗਦਾਨ ਦਿਤਾ ਜਾ ਰਿਹਾ ਹੈ ਅਤੇ ਨਗਰ ਨਿਗਮ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੀਆ ਟੀਮਾਂ ਮਿਲ ਕੇ ਜੀ.ਟੀ. ਰੋਡ ਤੇ ਸੜਕਾ ਦੀ ਸਾਫ ਸਫਾਈ,ਘਾਹ ਅਤੇ ਜੰਗਲੀ ਬੂਟੀ ਦੀ ਸਫਾਈ,ਅਸਟੇਟ ਵਿਭਾਗ ਵਲੋਂ ਸੜਕਾਂ ਦੇ ਆਸੇ-ਪਾਸੇ ਹੋਏ ਨਜਾਇਜ ਕਬਜੇ ਅਤੇ ਰੇਹੜੀਆਂ ਨੂੰ ਹਟਾਉਣਾ,ਸਿਵਲ ਵਿਭਾਗ ਵਲੋਂ ਮਲਬੇ ਦੇ ਢੇਰ ਚੁੱਕਣ ਤੋ ਇਲਾਵਾ ਸੜਕਾਂ ਦੀ ਮੁਰਮੰਤ ਅਤੇ ਪੈਚ-ਵਰਕ ਦਾ ਕੰਮ,ਓ ਐਂਡ ਐਮ ਵਿਭਾਗ ਵਲੋਂ ਹੋਦੀਆਂ ਅਤੇ ਸੀਵਰੇਜ ਦੇ ਢੱਕਣਾਂ ਦੀ ਰਿਪੇਅਰ ਅਤੇ ਵਿਗਿਆਪਨ ਵਿਭਾਗ ਵਲੋਂ ਸੜਕੇ ਦੇ ਆਲੇ-ਦੁਆਲੇ ਲਗੇ ਨਜਾਇਜ ਇਸਤਿਹਾਰ ਅਤੇ ਬੋਰਡਾਂ ਨੂੰ ਉਤਾਰਨ ਦਾ ਕੰਮ ਕੀਤਾ ਜਾ ਰਿਹਾ ਹੈ । ਇਸ ਅਭਿਆਨ ਵਿੱਚ ਸ਼ਹਿਰ ਦੀ ਵੱਖ-2 ਰਿਹਾਇਸ਼ੀ ਸਮਾਜਸੇਵੀ ਅਤੇ ਕਾਰੋਬਾਰੀ ਸੰਸਥਾਵਾ ਵੱਧ-ਚੜ ਕੇ ਹਿਸਾ ਪਾ ਰਹੇ ਹਨ । ਇਸੇ ਹੀ ਲੜੀ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਦੀ ਅਗੁਵਾਈ ਵਿੱਚ ਇਹ ਅਭਿਆਨ ਆਪਣੇ ਸਤਵੇਂ ਦਿਨ ਵੀ ਜਾਰੀ ਰਿਹਾ ਅਤੇ ਅੱਜ ਜੀ.ਟੀ. ਰੋਡ ਮਕਬੁਲਪੁਰਾ ਚੌਂਕ ਵਿਖੇ ਇਸ ਅਭਿਆਨ ਦੀ ਵਿੱਧੀ ਵਤ ਸ਼ੁਰੂਆਤ ਕੀਤੀ ਗਈ। ਇਸ ਅਭਿਆਨ ਵਿੱਚ ਮਹਿਤਾ ਰੋਡ ਮਕਬੁਲਪੁਰਾ ਚੌਂਕ ਦੀ ਰਿਹਾਇਸ਼ੀ ਵੈਲਵੈਅਰ ਸੋਸਾਇਟੀ ਦੇ ਮੈਂਬਰਾਂ ਵਲੋਂ ਆਪਣਾ ਪੂਰਾ ਸਹਿਯੋਗ ਦਿਤਾ ਗਿਆ ਅਤੇ ਸੜਕਾ ਤੇ ਸਾਫ-ਸਫਾਈ ਆਦਿ ਦੇ ਕੰਮ ਕੀਤੇ ਗਏ ।



# ਗੁਰਦਾਸਪੁਰ ਜ਼ਿਲ੍ਹਾ ਇਨਚਾਰਜ ਟਰੇਡ ਵਿੰਗ ਨਿਯੁਕਤ ਕੀਤਾ ਗਿਆ-: ਸਿਮਰਜੀਤ ਸਿੰਘ ਸਾਹਿਬ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਸਿਮਰਜੀਤ ਸਿੰਘ**

ਗੁਰਦਾਸਪੁਰ ( ਜਸਵਿੰਦਰ ਸਿੰਘ ) ਸਿਮਰਜੀਤ ਸਿੰਘ ਸਾਹਿਬ ਨੂੰ ਹਾਈਕਮਾਨ ਵੱਲੋ ਗੁਰਦਾਸਪੁਰ ਦੇ ਜ਼ਿਲ੍ਹਾ ਇੰਨਚਾਰਜ ਟਰੇਡ ਵਿੰਗ ਨਿਯੁਕਤ ਕੀਤਾ ਗਿਆ ਸਿਮਰਜੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਪੰਜਾਬ ਪ੍ਰਧਾਨ ਟਰੇਡ ਵਿੰਗ ਸ੍ਰੀ ਅਨਿਲ ਠਾਕੁਰ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਜੀ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਜੀ, ਅਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ



# ਭਾਰਤ ਦੇ ਰਾਸ਼ਟਰੀ ਚਿੰਨ੍ਹ ਦੀ ਅਣਅਧਿਕਾਰਤ ਵਰਤੋਂ ਗੈਰਕਾਨੂੰਨੀ

ਫਾਜ਼ਿਲਕਾ, ਰਾਜ ਅਰੋੜਾ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੱਤਰ ਦੀਆਂ ਹਦਾਇਤਾਂ ਜੋ ਕਿ ਕਰਨਾਟਕਰ ਹਾਈਕੋਰਟ ਦੇ ਹੁਕਮਾਂ ਦੇ ਮੱਦੇਨਜਰ ਜਾਰੀ ਕੀਤੀਆਂ ਗਈਆਂ ਹਨ ਤਹਿਤ ਭਾਰਤ ਦੇ ਰਾਸ਼ਟਰੀ ਚਿੰਨ੍ਹ (ਸਾਰਨਾਥ ਦੀ ਸਿੰਹ ਮੂਰਤੀ) ਦੀ ਅਣਅਧਿਕਾਰਤ ਵਰਤੋਂ ਕਰਨਾ ਗੈਰ ਕਾਨੂੰਨੀ ਹੈ। ਕੋਈ ਵੀ ਵਿਅਕਤੀ ਜੋ ਇਸ ਦੀ ਵਰਤੋਂ ਲਈ ਅਧਿਕਾਰਤ ਨਹੀਂ ਹੈ ਤੋਂ ਬਿਨ੍ਹਾਂ ਆਪਣੇ ਲੈਟਰ ਪੈਡ, ਨੰਬਰ ਪਲੇਟ, ਸਟੇਸ਼ਨਰੀ ਜਾਂ ਕਿਸੇ ਵੀ ਹੋਰ ਸਥਾਨ ਤੇ ਇਸ ਚਿੰਨ ਦੀ ਵਰਤੋਂ ਕਰਦਾ ਹੈ ਤਾਂ ਇਹ ਸਟੇਟ ਐਂਬਲਮ ਆਫ ਇੰਡੀਆ (ਪ੍ਰੋਹਿਬਿਸ਼ਨ ਆਫ ਇੰਪਰੋਪਰ ਯੂਜ) ਐਕਟ 2005 ਅਤੇ ਸਟੇਟ ਐਂਬਲਮ ਆਫ ਇੰਡੀਆ ( ਰੈਗੁਲੇਸ਼ਨ ਆਫ ਯੂਜ) ਰੂਲ 2007 (ਸੋਧ 2010) ਤਹਿਤ ਗੈਰ ਕਾਨੂੰਨੀ ਹੈ।

## ਪ੍ਰੈਸ ਕੌਂਸਲ ਨਾਂਅ ਦੀ ਅਣਅਧਿਕਾਰਤ ਵਰਤੋਂ ਤੇ ਰੋਕ

ਫਾਜ਼ਿਲਕਾ, : ਰਾਜ ਅਰੋੜਾ / ਪ੍ਰਵੀਨ ਕੁਮਾਰ, ਪ੍ਰੈਸ ਕੌਂਸਲ ਆਫ ਇੰਡੀਆਂ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕੋਈ ਵੀ ਅਦਾਰਾ, ਸੰਸਥਾ ਆਦਿ ਪ੍ਰੈਸ ਕੌਂਸਲ ਸ਼ਬਦ ਦੀ ਵਰਤੋਂ ਨਹੀਂ ਕਰ ਸਕਦੀ ਹੈ। ਇਸ ਸਬੰਧੀ ਕੌਂਸਲ ਵੱਲੋਂ ਜਾਰੀ ਪੱਤਰ ਅਨੁਸਾਰ ਪ੍ਰੈਸ ਕੌਂਸਲ ਆਫ ਇੰਡੀਆਂ ਦਾ ਦਫ਼ਤਰ ਨਵੀਂ ਦਿੱਲੀ ਵਿਚ ਹੈ ਅਤੇ ਇਸ ਤੋਂ ਬਿਨ੍ਹਾਂ ਇਸਦੀ ਕੋਈ ਸਟੇਟ ਬ੍ਰਾਂਚ ਨਹੀਂ ਹੈ ਅਤੇ ਨਾ ਹੀ ਕਿਸੇ ਸੰਸਥਾ ਜਾਂ ਅਦਾਰੇ ਨੂੰ ਮਿਲਦੇ ਜੁਲਦੇ ਨਾਂਅ ਨਾਲ ਕੋਈ ਸੰਸਥਾ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਇਹ ਜਾਣਕਾਰੀ ਸਹਾਇਕ ਕਮਿਸ਼ਨਰ ਜਨਰਲ ਸ੍ਰੀ ਕੰਵਰਜੀਤ ਸਿਘ ਮਾਨ ਨੇ ਦਿੱਤੀ ਹੈ। ਇਸ ਲਈ ਕੋਈ ਵੀ ਸੰਸਥਾ ਆਪਣੇ ਨਾਂਅ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਪ੍ਰੈਸ ਕੌਂਸਲ ਜਾਂ ਇਸਦੇ ਹਿੰਦੀ ਪੰਜਾਬੀ ਅਨੁਵਾਦ ਭਾਰਤੀ ਪ੍ਰੈਸ ਪਰਿਸ਼ਦ ਨਾਂਅ ਦੀ ਵਰਤੋਂ ਨਾ ਕਰੇ। ਅਜਿਹਾ ਕਰਨ ਦੀ ਪ੍ਰੈਸ ਕੌਂਸਲ ਆਫ ਇੰਡਿਆ ਵੱਲੋਂ ਸਖ਼ਤ ਮਨਾਹੀ ਕੀਤੀ ਗਈ ਹੈ, ਜਿਸ ਤੇ ਸਬੰਧਤ ਸੰਸਥਾ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# 69ਵੀਆਂ ਗਰਮ ਰੁੱਤ ਜੋਨਲ ਸਕੂਲ ਖੇਡਾਂ, ਅੰਡਰ 14 ਸਾਲ ਸਤਰੰਜ਼ 'ਚ ਪੱਖੋ ਕਲਾਂ ਦੀਆਂ ਕੁੜੀਆਂ ਮੋਹਰੀ

**ਕੁੜੀਆਂ ਦੇ ਖੋ-ਖੋ ਅੰਡਰ 17 ਸਾਲ 'ਚ ਬਦਰਾ ਜੇਤੂ**

ਬਰਨਾਲਾ, (ਲੋਕ ਬਾਣੀ): ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਅਤੇ ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ 69ਵੀਆਂ ਪੰਜਾਬ ਰਾਜ ਜੋਨਲ ਸਕੂਲ ਖੇਡਾਂ ਤਹਿਤ ਜੋਨ ਪੱਖੋ ਕਲਾਂ ਦੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਮੁਕਾਬਲੇ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਹਨ। ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਜੋਨਲ ਪ੍ਰਧਾਨ ਤੇ ਸਕੂਲ ਮੁਖੀ ਸਸਸਸ ਪੱਖੋ ਕਲਾਂ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਪੂਜਾ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਜੋਨਲ ਸਕੱਤਰ ਅਮਨਦੀਪ ਕੌਰ ਨੇ ਦੱਸਿਆ ਕਿ ਅੱਜ ਸਰਕਾਰੀ ਸੈਕੰਡਰੀ ਸਕੂਲ ਪੱਖੋ ਕਲਾਂ, ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਅਤੇ ਸਨਾਵਰ ਸਕੂਲ ਧੌਲਾ ਵਿਖੇ ਹੋਈਆਂ ਖੇਡਾਂ ਵਿੱਚ ਖੋ-ਖੋ (ਲੜਕੀਆਂ) ਅੰਡਰ 14 ਸਾਲ ਵਿੱਚ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ, ਜੀ. ਐਸ. ਸਕੂਲ ਧੌਲਾ ਤੇ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ, ਅੰਡਰ 17 ਸਾਲ ਵਿੱਚ ਸਹਸ ਬਦਰਾ ਨੇ ਪਹਿਲਾ, ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ ਤੇ ਸੰਤ ਬਾਬਾ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਤੀਜਾ ਅਤੇ ਅੰਡਰ 19 ਸਾਲ ਵਿੱਚ ਸੰਤ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਸਥਾਨ ਹਾਸਲ ਕੀਤਾ। ਚੈੱਸ ਅੰਡਰ 14 ਸਾਲ ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਖੋ ਕਲਾਂ ਨੇ ਪਹਿਲਾ ਤੇ ਸਸਸਸ ਪੱਖੋ ਕਲਾਂ ਨੇ ਦੂਜਾ, ਅੰਡਰ 14 ਲੜਕੀਆਂ ਵਿੱਚ ਸਸਸਸ ਪੱਖੋ ਕਲਾਂ ਨੇ ਪਹਿਲਾ, ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ ਤੇ ਬ੍ਰਿਲਿਐਂਟ ਸਕੂਲ ਪੱਖੋ ਕਲਾਂ ਨੇ ਤੀਜਾ, ਅੰਡਰ 17 ਸਾਲ ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਸਸਸਸ ਪੱਖੋ ਕਲਾਂ ਨੇ ਦੂਜਾ ਤੇ ਸਨਾਵਰ ਸਕੂਲ ਧੌਲਾ ਨੇ ਤੀਜਾ, ਅੰਡਰ 17 ਲੜਕੀਆਂ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਸਸਸਸ ਪੱਖੋ ਕਲਾਂ ਨੇ ਦੂਜਾ ਤੇ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਤੀਜਾ, ਅੰਡਰ 19 ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਤੇ ਸਸਸਸ ਪੱਖੋ ਕਲਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ।



# ਮਨੁੱਖੀ ਸੇਵਾ ਦੇ ਪੁੰਜ : ਭਗਤ ਪੂਰਨ ਸਿੰਘ

ਭਗਤ ਪੂਰਨ ਸਿੰਘ ਪੰਜਾਬ ਦੇ ਮਹਾਨ ਸਮਾਜ ਸੇਵੀ, ਵਾਤਾਵਰਣ ਪ੍ਰੇਮੀ, ਚਿੰਤਕ ਅਤੇ ਲਿਖਾਰੀ ਸਨ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲਾਵਾਰਸ, ਅਪੰਗ, ਬੇਸਹਾਰੇ ਅਤੇ ਅਨਾਥ ਲੋਕਾਂ ਦੀ ਸੇਵਾ ਲਈ ਸਮਰਪਿਤ ਕਰ ਦਿੱਤੀ। ਉਹਨਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ÷ਪਿੰਗਲਵਾੜਾ÷ ਨਾਮਕ ਸੰਸਥਾ ਦੀ ਸਥਾਪਨਾ ਕੀਤੀ, ਜੋ ਅੱਜ ਵੀ ਹਜ਼ਾਰਾਂ ਦੁਖੀ, ਲਾਚਾਰ ਜੀਵਾਂ ਲਈ ਆਸਰਾ ਬਣੀ ਹੋਈ ਹੈ।

ਨਿਸ਼ਕਾਮ ਸੇਵਾ, ਅਨੰਤ ਦਇਆ ਅਤੇ ਮਾਨਵਤਾ ਦੀ ਮੂਰਤ ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਨੂੰ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੇਵਾਲ ਵਿਖੇ ਮਾਤਾ ਮਹਿਤਾਬ ਕੌਰ ਅਤੇ ਪਿਤਾ ਸ਼ਿੱਬੂ ਮੱਲ ਸ਼ਾਹੂਕਾਰ ਦੇ ਘਰ ਹੋਇਆ। ਬਚਪਨ ਵਿੱਚ ਉਨ੍ਹਾਂ ਦਾ ਨਾਮ ਰਾਮਜੀ ਦਾਸ ਰੱਖਿਆ ਗਿਆ। ਉਨ੍ਹਾਂ ਦੇ ਸੁਭਾਅ ਵਿੱਚ ਬਾਲ ਉਮਰ ਤੋਂ ਹੀ ਨੇਕੀ, ਸੇਵਾ ਅਤੇ ਦਇਆ ਦੇ ਗੁਣ ਵਿਖਾਈ ਦੇਣ ਲੱਗ ਪਏ ਸਨ।

1913 ਵਿੱਚ ਆਏ ਭਿਆਨਕ ਕਾਲ ਨੇ ਉਨ੍ਹਾਂ ਦੇ ਪਿਤਾ ਦਾ ਸਾਰਾ ਕਾਰੋਬਾਰ ਠੱਪ ਕਰ ਦਿੱਤਾ। ਘਰ ਦੀ ਆਰਥਿਕ ਹਾਲਤ ਡੋਲ ਗਈ। ਕੁਝ ਸਮੇਂ



ਬਾਅਦ ਪਿਤਾ ਦੀ ਮੌਤ ਹੋ ਗਈ, ਪਰ ਮਾਂ ਨੇ ਹੌਸਲਾ ਨਾ ਹਾਰਿਆ ਅਤੇ ਘਰ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕੀ ਅਤੇ ਲੋਕਾਂ ਦੇ ਘਰਾਂ 'ਚ ਨੌਕਰੀ ਕਰ ਭਗਤ ਜੀ ਦੀ ਪੜ੍ਹਾਈ ਜਾਰੀ ਰੱਖੀ। ਮਾਂ ਦੇ ਸੰਸਕਾਰਾਂ ਨੇ ਭਗਤ ਜੀ ਦੇ ਮਨ ਵਿਚ ਮਨੁੱਖਤਾ ਲਈ ਸੇਵਾ, ਪਿਆਰ ਅਤੇ ਸਹਿਯੋਗ ਦੀ ਅਜੀਹੀ ਲੋਅ ਜਗਾਈ ਕਿ ਮਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਇੱਕ ਅਜਿਹਾ ਸੰਕਲਪ ਲਿਆ, ਜਿਸ ਨੇ ਉਨ੍ਹਾਂ ਦੀ ਪੂਰੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਦਿੱਤੀ। ਭਗਤ ਜੀ ਨੇ ਇਹ ਫੈਸਲਾ ਕੀਤਾ ਕਿ ਉਹ ਆਪਣੀ ਜ਼ਿੰਦਗੀ ਨੂੰ ਵਿਆਹ ਤੋਂ ਰਹਿਤ ਰੱਖਣਗੇ ਤੇ ਬਾਕੀ ਸਾਰੀ ਉਮਰ ਦੁਖੀ ਜੀਵਾਂ ਦੀ ਸੇਵਾ ਲਈ ਸਮਰਪਿਤ ਕਰ ਦੇਣਗੇ।

ਇਹੀ ਆਤਮਕ ਬਲ ਉਹਨਾਂ ਨੂੰ ਲਾਹੌਰ ਲੈ ਗਿਆ, ਜਿਥੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਉਨ੍ਹਾਂ ਨੇ ਬਿਨਾਂ ਕਿਸੇ ਤਨਖਾਹ ਦੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਰੋਗੀਆਂ, ਲਾਚਾਰਾਂ ਅਤੇ ਲਾਵਾਰਸ ਲੋਕਾਂ ਦੀ ਨਿਸ਼ਕਾਮ ਸੇਵਾ ਨੇ ਰਾਮਜੀ ਦਾਸ ਨੂੰ 'ਭਗਤ ਪੂਰਨ ਸਿੰਘ' ਬਣਾ ਦਿੱਤਾ, ਜੋ ਆਪਣੇ ਆਪ ਨੂੰ ਨਹੀਂ, ਸਗੋਂ ਹੋਰਨਾਂ ਦੀ ਜ਼ਿੰਦਗੀ ਨੂੰ ਹੀ ਆਪਣਾ ਧਰਮ ਮੰਨਣ ਲੱਗੇ।

ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡਾ ਮੋੜ ਉਦੋਂ ਆਇਆ, ਜਦੋਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜ਼ੇ 'ਤੇ ਉਨ੍ਹਾਂ ਨੂੰ ਇਕ ਅਪੰਗ ਬੱਚਾ ਰੋਂਦਾ ਹੋਇਆ ਮਿਲਿਆ, ਜੋ ਬਿਨਾਂ ਕਿਸੇ ਸਹਾਰੇ ਦੇ ਸੀ। ਭਗਤ ਜੀ ਨੇ ਉਸ ਨੂੰ ਚੁੱਕ ਲਿਆ ਅਤੇ ਆਪਣੀ ਹਿੱਕ ਨਾਲ ਲਗਾ ਕੇ 'ਪਿਆਰਾ ਸਿੰਘ' ਦਾ ਨਾਮ ਦੇਕੇ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾ ਲਿਆ। ਇਸ ਪਿਆਰ ਭਰੇ ਜਜ਼ਬੇ ਨੇ ਹੀ ਭਗਤ ਪੂਰਨ ਸਿੰਘ ਨੂੰ ਮਾਨਵਤਾ ਦੀ ਇਕ ਅਜਿਹੀ ਮਿਸਾਲ ਬਣਾਇਆ ਜਿਸ ਨੇ ਜ਼ਿੰਦਗੀ ਭਰ ਸਿਰਫ਼ ਹੋਰਨਾਂ ਦੀ ਸੇਵਾ ਨੂੰ ਹੀ ਆਪਣਾ ਮੂਲ ਉਦੇਸ਼ ਬਣਾਇਆ ਅਤੇ ਜਿਸ ਨੇ ਅੱਗੇ ਚੱਲ ਕੇ ਪਿੰਗਲਵਾੜੇ ਦੀ ਨੀਂਹ ਨੂੰ ਮਜ਼ਬੂਤ ਕੀਤਾ।



1947 'ਚ ਜਦੋਂ ਦੇਸ਼ ਆਜ਼ਾਦ ਹੋਇਆ, ਲੋਕ ਵੰਡ ਹੋ ਗਏ, ਪਰ ਭਗਤ ਪੂਰਨ ਸਿੰਘ ਜੀ ਦੀ ਸੂਝ ਨੇ ਇੱਕ ਵੱਖਰੀ ਦਿਸ਼ਾ ਲੱਭ ਲਈ। ਲਾਹੌਰ ਤੋਂ ਆਪਣੇ ਸਾਥੀ ਅਪੰਗ ਬੱਚੇ 'ਪਿਆਰਾ ਸਿੰਘ' ਨੂੰ ਚੁੱਕ ਕੇ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਲੈ ਗਏ,ਜਿੱਥੇ ਉਨ੍ਹਾਂ ਦੇਖਿਆ ਕਿ ਕਿਵੇਂ ਵੰਡ ਨੇ ਲੱਖਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਜੀਵਨ ਦਾ ਆਧਾਰ ਬਣਾਉਂਦੇ ਹੋਏ ਭਗਤ ਪੂਰਨ ਸਿੰਘ ਜੀ ਨੇ ਹਰ ਅਜਿਹੇ ਮਨੁੱਖ ਦੀ ਸੇਵਾ ਕਰਨੀ ਸ਼ੁਰੂ ਕੀਤੀ, ਜੋ ਸਮਾਜ ਵਲੋਂ ਤਿਆਗ ਦਿੱਤਾ ਗਿਆ ਸੀ। ਉਹਨਾਂ ਲਈ ਸੇਵਾ ਸਿਰਫ ਕਰਤਵ ਨਹੀਂ ਸੀ, ਸਗੋਂ ਭਗਤੀ ਸੀ। ਇਸ ਵੰਡ ਦੇ ਦਰਦ ਨੂੰ ਆਪਣੇ ਹੌਸਲੇ ਵਿਚ ਬਦਲ ਕੇ 1958 ਵਿੱਚ 'ਪਿੰਗਲਵਾੜੇ' ਦੀ ਨੀਂਹ ਰੱਖੀ,ਜੋ ਅੱਜ ਵੀ ਮਾਨਵਤਾ ਦੀ ਭਲਾਈ ਤੇ ਪਰਚਮ ਲਹਿਰਾ ਰਹੀ ਹੈ। ਅੱਜ ਵੀ ਇਹ ਸੰਸਥਾ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਂਵਾਲਾ ਤੇ ਗੋਇੰਦਵਾਲ ਸਾਹਿਬ ਆਦਿ ਵਿੱਚ ਚੱਲ ਰਹੀ ਹੈ, ਜਿੱਥੇ ਲੋੜਵੰਦ ਮਰੀਜ਼ਾਂ ਦੀ ਸੇਵਾ ਸੰਭਾਲ ਕੀਤੀ ਜਾਂਦੀ ਹੈ ਅਤੇ ਮਰੀਜ਼ਾਂ ਲਈ ਮੁਫ਼ਤ ਇਲਾਜ, ਅੰਗਹੀਣਾਂ ਲਈ ਬਨਾਵਟੀ ਅੰਗ, ਬੱਚਿਆਂ ਲਈ ਵਿੱਦਿਅਕ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ।

ਭਗਤ ਪੂਰਨ ਸਿੰਘ ਜੀ ਵਾਤਾਵਰਣ ਪ੍ਰਤੀ ਵੀ ਬਹੁਤ ਸੰਵੇਦਨਸ਼ੀਲ ਸਨ। ਉਹ ਹਮੇਸ਼ਾ ਕਹਿੰਦੇ ਸਨ, ÷ਰੁੱਖ ਲਗਾਓ, ਧਰਤੀ ਬਚਾਓ,ਰੱਦੀ ਦੁਬਾਰਾ ਵਰਤੋ ਅਤੇ ਗੱਡੀਆਂ ਦੀ ਥਾਂ ਰੇਲ ਰਾਹੀਂ ਯਾਤਰਾ ਕਰੋ, ਤਾਂ ਜੋ ਪ੍ਰਦੂਸ਼ਣ ਘਟ ਸਕੇ।÷ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਅਣਗਿਣਤ ਰੁੱਖ ਲਗਾਏ ਅਤੇ ਲੋਕਾਂ ਨੂੰ ਵੀ ਵਾਤਾਵਰਣ ਸੰਭਾਲ ਵੱਲ ਪ੍ਰੇਰਿਤ ਕੀਤਾ। ਪਿੰਗਲਵਾੜੇ ਵਿੱਚ ਲਿਖਤ-ਛਪਾਈ ਹਮੇਸ਼ਾ ਵਰਤੇ ਹੋਏ ਕਾਗਜ਼ ਦੇ ਉਲਟ ਪਾਸੇ ਕੀਤੀ ਜਾਂਦੀ ਹੈ, ਜੋ ਉਨ੍ਹਾਂ ਦੀ ਬਚਤ ਅਤੇ ਜ਼ਿੰਮੇਵਾਰੀ ਭਰੀ ਸੋਚ ਦਾ ਹਿੱਸਾ ਹੈ। ਉਨ੍ਹਾਂ ਨੇ ਆਪਣੇ ਲੇਖਾਂ, ਕਿਤਾਬਾਂ ਅਤੇ ਪੱਤਰਾਂ ਰਾਹੀਂ ਵੀ ਲੋਕਾਂ ਨੂੰ ਵਾਤਾਵਰਣ ਜਾਗਰੂਕਤਾ ਲਈ ਪ੍ਰੇਰਿਤ ਕੀਤਾ।

ਭਗਤ ਜੀ ਨੂੰ 1981 ਵਿੱਚ ਭਾਰਤ ਸਰਕਾਰ ਵੱਲੋਂ ÷ਪਦਮ ਸ਼੍ਰੀ÷ ਨਾਲ ਨਵਾਜਿਆ ਗਿਆ, ਪਰ ਸਾਕਾ ਨੀਲਾ ਤਾਰਾ ਘਟਨਾ ਤੋਂ ਦੁਖੀ ਹੋ ਕੇ ਉਨ੍ਹਾਂ ਨੇ ਇਹ ਸਨਮਾਨ ਵਾਪਸ ਕਰ ਦਿੱਤਾ। 1990 ਵਿੱਚ ਉਨ੍ਹਾਂ ਨੂੰ ÷ਹਾਰਮਨੀ ਐਵਾਰਡ÷, 1991 ਵਿੱਚ ÷ਰੋਗ ਰਤਨ÷ ਅਤੇ ÷ਭਾਈ ਘਨਈਆ÷ ਐਵਾਰਡ ਮਿਲੇ। 2004 ਵਿਚ ਉਨ੍ਹਾਂ ਦੇ ਨਾਂ ਤੇ ਡਾਕ ਟਿਕਟ ਵੀ ਜਾਰੀ ਕੀਤੀ ਗਈ।

5 ਅਗਸਤ 1992 ਨੂੰ ਭਗਤ ਪੂਰਨ ਸਿੰਘ ਜੀ ਨੇ ਸਰੀਰਕ ਰੂਪ ਵਿੱਚ ਸਾਡਾ ਸਾਥ ਛੱਡ ਗਏ, ਪਰ ਉਨ੍ਹਾਂ ਦੀ ਸੇਵਾ, ਸੋਚ, ਲਗਨ ਅਤੇ ਯਤਨਾਂ ਸਦਕਾ ਪਿੰਗਲਵਾੜੇ ਦਾ ਲਾਇਆ ਹੋਇਆ ਬੂਟਾ ਅੱਜ ਇੱਕ ਬੋਹੜ ਦਾ ਰੂਪ ਧਾਰ ਗਿਆ ਹੈ। ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਉੱਤਰਾਧਿਕਾਰੀ ਡਾ: ਇੰਦਰਜੀਤ ਕੌਰ ਨੇ ਨਾ ਸਿਰਫ਼ ਇਸ ਸੰਸਥਾ ਦੇ ਸੇਵਾ ਕਾਰਜਾਂ ਨੂੰ ਜਾਰੀ ਰੱਖਿਆ ਸਗੋਂ ਇਸ ਨੂੰ ਮਨੁੱਖੀ ਸੇਵਾ ਦੇ ਨਵੇਂ ਯਤਨਾਂ ਨਾਲ ਵੀ ਜੋੜਿਆ। ਉਹਨਾਂ ਦੀ ਟੀਮ ਸਿਰਫ਼ ਸਰੀਰਕ ਤੌਰ 'ਤੇ ਹੀ ਨਹੀਂ ਸਗੋਂ ਮਨੋਵਿਗਿਆਨਕ ਅਤੇ ਸਵੈ-ਨਿਰਭਰਤਾ ਦੇ ਦ੍ਰਿਸ਼ਟੀਕੋਣ ਤੋਂ ਵੀ ਬੇਆਸਰਿਆਂ ਅਤੇ ਅੰਗਹੀਣਾਂ ਦੀ ਦੇਖਭਾਲ ਕਰਦੀ ਹੈ।

**ਬਲਦੇਵ ਸਿੰਘ ਬੇਦੀ**
**ਜਲੰਧਰ**

# ਡਿਪਟੀ ਕਮਿਸ਼ਨਰ ਵੱਲੋਂ ਸਾਬੂਆਣਾ ਡਰੇਨ ਦਾ ਦੌਰਾ, ਵਿਭਾਗ ਨੂੰ ਜਲਦ ਪਾਣੀ ਦੀ ਨਿਕਾਸੀ ਕਰਨ ਦੇ ਹੁਕਮ



ਫਾਜ਼ਿਲਕਾ ਰਾਜ ਅਰੋੜਾ/ਪ੍ਰਵੀਨ, ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਬੀਤੀ ਰਾਤ ਸਾਬੂਆਣਾ ਡੇ ?ਨ ਦਾ ਦੌਰਾ ਕਰਕੇ ਇੱਥੇ ਡ ?ਰੇਨ ਵਿਚ ਪਏ ਪਾੜ ਨੂੰ ਬੰਦ ਕਰਨ ਦੇ ਕੰਮ ਦਾ ਜਾਇਜਾ ਲਿਆ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ 1 ਅਗਸਤ ਨੂੰ ਪਈ ਭਾਰੀ ਬਾਰਿਸ ਕਾਰਨ ਅਚਾਨਕ ਡੇ ?ਨ ਵਿਚ ਤੇਜ ਪਾਣੀ ਆ ਗਿਆ ਜਿਸ ਨਾਲ ਇਸ ਵਿਚ ਪਾੜ ਪਿਆ ਹੈ ਜਿਸ ਨੂੰ ਬੰਦ ਕਰਨ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ ਕਰਵਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਲੋਕਾਂ ਦੀਆਂ ਮੁਸਕਿਲਾਂ ਸੁਣੀਆਂ ਅਤੇ ਡ ?ਰੇਨਜ ਵਿਭਾਗ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਪਏ ਪਾੜ ਨੂੰ ਬੰਦ ਕਰਕੇ ਪਾਣੀ ਦੀ ਨਿਕਾਸੀ ਕਰਵਾਉਣ ਦੇ ਹੁਕਮ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਲ ਨਿਕਾਸੀ ਨਾਲ ਸਬੰਧਤ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਜਿੱਕੇ ਕਿਤੇ ਵੀ ਅਚਾਨਕ ਪਈ ਭਾਰੀ ਬਾਰਿਸ਼ ਕਾਰਨ ਪਾਣੀ ਭਰਿਆ ਹੈ ਉਸਦੀ ਨਿਕਾਸੀ ਲਈ ਤੇਜੀ ਨਾਲ ਕਾਰਵਾਈ ਕੀਤੀ ਜਾਵੇ ਅਤੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਪੂਰੀ ਤਰਾਂ ਨਾਲ ਮੁਸਤੈਦੀ ਨਾਲ ਜਲ ਨਿਕਾਸੀ ਦੇ ਪ੍ਰੰਬਧਾਂ ਦਾ ਨਿਗਰਾਨੀ ਕਰ ਰਿਹਾ ਹੈ ਅਤੇ ਜਲਦ ਜਲ ਭਰਾਵ ਦੀ ਸਮੱਸਿਆ ਤੋਂ ਰਾਹਤ ਮਿਲੇਗੀ।

# ਵਿਦਿਆਰਥੀ ਜੀਵਨ ਤੇ ਨਸ਼ਿਆਂ ਦੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ

ਲੋਕ ਬਾਣੀ, ਮਨੁੱਖ ਦੀ ਜ਼ਿੰਦਗੀ ਵਿੱਚ ਵਿਦਿਆਰਥੀ ਜੀਵਨ ਇੱਕ ਅਹਿਮ ਪੜਾਅ ਹੁੰਦਾ ਹੈ। ਜਿਸ ਦੌਰਾਨ ਵਿਦਿਆਰਥੀ ਨੇ ਆਪਣੇ ਆਉਣ ਵਾਲੇ ਜੀਵਨ ਦੀ ਨੀਹ ਰੱਖਦਾ ਹੈ, ਅਤੇ ਆਪਣਾ ਭਵਿੱਖ ਤੈਅ ਕਰਦਾ ਹੈ, ਪਰ ਬੜੇ ਅਫਸੋਸ ਦੀ ਗੱਲ ਇਹ ਹੈ ਕਿ ਅੱਜ ਕੱਲ ਦੇ ਕਈ ਵਿਦਿਆਰਥੀ ਨਸ਼ਿਆਂ ਵੱਲ ਵੱਧ ਰਹੇ ਹਨ ਜੋ ਕਿ ਉਹਨਾਂ ਦੇ ਭਵਿੱਖ ਲਈ ਘਾਤਕ ਸਾਬਤ ਹੋ ਰਿਹਾ ਹੈ। ਵਿਦਿਆਰਥੀਆਂ ਦਾ ਰੁਝਾਨ ਨਸ਼ਿਆਂ ਵੱਲ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਆਪਣੇ ਆਪ ਨੂੰ ਝੂਠਾ ਦਿਲਾਸਾ ਦੇਣਾ, ਗਲਤ ਸੰਗਤ ਵਿੱਚ ਪੈ ਜਾਣਾ, ਮਨੋਰੰਜਨ ਦਾ ਸਾਧਨ ਸਮਝਣਾ, ਘਰੇਲੂ ਤਣਾਅ ਦਾ ਹੋਣਾ ਜਾਂ ਮਾਡਰਨ ਬਣਨ ਦੀ ਲਾਲਸਾ ਆਦਿ। ਵਿਦਿਆਰਥੀ ਜੀਵਨ ਤੇ ਨਸ਼ਿਆਂ ਦੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ ਜਿਵੇਂ ਕਿ ਨਸ਼ਿਆਂ ਕਾਰਨ ਵਿਦਿਆਰਥੀ ਦਾ ਸਮਾਜਿਕ ਜੀਵਨ ਬਰਵਾਦ ਹੋ ਜਾਂਦਾ ਹੈ, ਨਸ਼ੇ ਕਰਨ ਵਾਲੇ ਵਿਅਕਤੀ ਆਪਣੇ ਮਾਪਿਆਂ, ਦੋਸਤਾਂ ਅਤੇ ਅਧਿਆਪਕਾਂ ਤੋਂ ਦੂਰ ਹੋ ਜਾਂਦੇ ਹਨ। ਨਸ਼ਾ ਸਰੀਰ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਹੈ ਜਿਸ ਕਾਰਨ ਵਿਦਿਆਰਥੀਆਂ ਦੀ ਸਿਹਤ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਇਸ ਨਾਲ ਦਿਮਾਗੀ ਅਤੇ ਸਰੀਰਕ ਤੰਦਰੁਸਤੀ ਦੋਵਾਂ ਨੂੰ ਨੁਕਸਾਨ ਪਹੁੰਚਦਾ ਹੈ। ਨਸ਼ਿਆਂ ਵਿੱਚ ਪੈਣ ਕਾਰਨ ਵਿਦਿਆਰਥੀਆਂ ਦੀ ਪ੍ਰਵਿਰਤੀ ਅਪਰਾਧਕ ਬਣ ਜਾਂਦੀ ਹੈ, ਕਈ ਵਾਰ ਪੈਸਾ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਚੋਰੀ ਜਾਂ ਹੋਰ ਗਲਤ ਕੰਮਾਂ ਵੱਲ ਵਧਣ ਲਈ ਮਜਬੂਰ ਹੋਣਾ ਪੈਂਦਾ ਹੈ। ਸਭ ਤੋਂ ਮਾੜਾ ਪ੍ਰਭਾਵ ਨਸ਼ਿਆਂ ਦਾ ਵਿਦਿਆਰਥੀ ਜੀਵਨ ਤੇ ਇਹ ਹੁੰਦਾ ਹੈ ਕਿ ਉਹਨਾਂ ਦੀ ਪੜ੍ਹਾਈ ਵਿੱਚ ਰੁਚੀ ਖਤਮ ਹੋ ਜਾਂਦੀ ਹੈ, ਜਿਸ ਕਾਰਨ ਉਹਨਾਂ ਦਾ ਭਵਿੱਖ ਦਾਅ ਤੇ ਲੱਗ ਜਾਂਦਾ ਹੈ। ਨਸ਼ੇਬਾਜ਼ ਵਿਦਿਆਰਥੀ ਸਮਾਜ ਲਈ ਖਤਰਾ ਬਣ ਜਾਂਦੇ ਹਨ। ਵਿਦਿਆਰਥੀ ਜੀਵਨ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਖ-ਵੱਖ ਉਪਰਾਲੇ ਕੀਤੇ ਜਾ ਸਕਦੇ ਹਨ, ਜਿਵੇਂ ਕਿ ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਚੰਗੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ ਤਾਂ ਜੋ ਉਹਨਾਂ ਦਾ ਝੁਕਾ ਨਸ਼ਿਆਂ ਵੱਲ ਨਾ ਹੋਵੇ। ਵਿਦਿਆਰਥੀਆਂ ਨੂੰ ਨਸ਼ਿਆਂ ਵੱਲ ਵਧਣ ਤੋਂ ਰੋਕਣ ਲਈ ਸਰਕਾਰ ਨੂੰ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ। ਸਕੂਲਾਂ ਅਤੇ ਕਾਲਜਾਂ ਵਿੱਚ



ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ।ਵਿਦਿਆਰਥੀਆਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਸਮੇਂ ਸਮੇਂ ਤੇ ਸੈਮੀਨਾਰ ਵਗੈਰਾ ਲਗਾ ਕੇ ਸਮਝਾਉਣਾ ਚਾਹੀਦਾ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਵਿਦਿਆਰਥੀਆਂ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਅਤੇ ਸਮੇਂ ਸਮੇਂ ਉਹਨਾਂ ਦੀ ਕੌਂਸਲਿੰਗ ਕਰਨੀ ਚਾਹੀਦੀ ਹੈ। ਤਾਂ ਜੋ ਉਹਨਾਂ ਨੂੰ ਨਸ਼ਿਆਂ ਵੱਲ ਮੁੜਨ ਤੋਂ ਰੋਕਿਆ ਜਾ ਸਕੇ। ਵਿਦਿਆਰਥੀ ਇੱਕ ਨਰੋਏ ਸਮਾਜ ਦੇ ਨਿਰਮਾਤਾ ਹੁੰਦੇ ਹਨ, ਜੇਕਰ ਵਿਦਿਆਰਥੀ ਹੀ ਨਸ਼ਿਆਂ ਦੀ ਦਲਦਲ ਵਿੱਚ ਫਸ ਗਏ ਤਾਂ ਇਸ ਨਾਲ ਸਿਰਫ ਉਹਨਾਂ ਦੀ ਹੀ ਨਹੀਂ ਬਲਕਿ ਪੂਰੇ ਸਮਾਜ ਦੀ ਹੀ ਬਰਬਾਦੀ ਹੋ ਜਾਵੇਗੀ। ਇਸ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ਿਆਂ ਦੇ ਖਿਲਾਫ ਜੰਗ ਲੜਨੀ ਚਾਹੀਦੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਇੱਕ ਸੁਚੱਜਾ, ਤਣਾਅਮੁਕਤ ਅਤੇ ਸੁਖਾਵਾਂ ਮਾਹੌਲ ਦੇ ਕੇ ਉਹਨਾਂ ਦਾ ਭਵਿੱਖ ਰੁਸ਼ਨਾਇਆ ਜਾ ਸਕੇ।

**ਜਸਵਿੰਦਰ ਸਿੰਘ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬੁਟਾਹਰੀ (ਲੁਧਿਆਣਾ)**

# ਸਹੀ ਕਰੀਅਰ ਮਾਰਗ ਦੀ ਚੋਣ ਕਰਨਾ

**ਵਿਜੈ ਗਰਗ**

ਕਰੀਅਰ ਦਾ ਰਸਤਾ ਚੁਣਨਾ ਇੱਕ ਵਿਦਿਆਰਥੀ ਲਈ ਸਭ ਤੋਂ ਮਹੱਤਵਪੂਰਨ ਅਤੇ ਮਹੱਤਵਪੂਰਨ ਫੈਸਲਿਆਂ ਵਿੱਚੋਂ ਇੱਕ ਹੈ। ਭਾਵੇਂ ਵਿਦਿਆਰਥੀ ਵਿਗਿਆਨਕ ਨਵੀਨਤਾ, ਵਿੱਤੀ ਰਣਨੀਤੀ ਜਾਂ ਸਮਾਜਿਕ ਪ੍ਰਭਾਵ ਵੱਲ ਝੁਕਾਅ ਰੱਖਦਾ ਹੈ, ਹਰੇਕ ਧਾਰਾ ਮਜ਼ਬੂਤ ਕਰੀਅਰ ਬਣਾਉਣ ਲਈ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰਦੀ ਹੈ। ਸਾਰੀਆਂ ਧਾਰਾਵਾਂ ਵਿੱਚ ਰਵਾਇਤੀ ਤੋਂ ਲੈ ਕੇ ਆਧੁਨਿਕ ਤਕਨਾਲੋਜੀ-ਅਧਾਰਤ ਕੋਰਸਾਂ ਤੱਕ ਉਪਲਬਧ ਵਿਕਲਪਾਂ ਦੀ ਇੱਕ ਲੜੀ ਦੇ ਨਾਲ, ਇਸਨੂੰ ਹੋਰ ਵੀ ਭਾਰੀ ਬਣਾਉਂਦਾ ਹੈ। ਵਿਦਿਆਰਥੀਆਂ ਨੂੰ ਉਹ ਰਸਤਾ ਚੁਣਨ ਦੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਦੀਆਂ ਰੁਚੀਆਂ ਅਤੇ ਮੌਜੂਦਾ ਬਾਜ਼ਾਰ ਰੁਝਾਨਾਂ ਦੇ ਅਨੁਸਾਰ ਹੋਵੇ, ਇੱਕ ਵਾਰ ਸੋਚ-ਸਮਝ ਕੇ ਕੀਤਾ ਜਾਵੇ, ਤਾਂ ਕੁਝ ਵੀ ਉਨ੍ਹਾਂ ਨੂੰ ਉੱਜਵਲ ਭਵਿੱਖ ਤੋਂ ਨਹੀਂ ਰੋਕ ਸਕਦਾ।

ਵਿਗਿਆਨ: ਨਵੀਨਤਾ ਰਾਹੀਂ ਦੁਨੀਆਂ ਨੂੰ ਬਦਲਣਾ ਜਦੋਂ ਕਿ ਦਵਾਈ, ਨਰਸਿੰਗ ਅਤੇ ਇੰਜੀਨੀਅਰਿੰਗ ਦੇ ਰਵਾਇਤੀ ਕੋਰਸਾਂ ਦੀ ਮੰਗ ਬਹੁਤ ਜ਼ਿਆਦਾ ਹੈ ਅਤੇ ਸੁਰੱਖਿਅਤ ਕਰੀਅਰ ਵਿਕਲਪ ਪੇਸ਼ ਕਰਦੇ ਹਨ, ਤਕਨਾਲੋਜੀ ਵਿੱਚ ਤਰੱਕੀ ਨੇ ਨਵੇਂ ਕਰੀਅਰ ਵਿਕਲਪਾਂ ਦਾ ਉਭਾਰ ਕੀਤਾ ਹੈ ਜੋ ਭਵਿੱਖ ਲਈ ਪ੍ਰਮਾਣ ਹਨ। ਏਆਈ/ਐਮਐਲ, ਰੋਬੋਟਿਕਸ ਅਤੇ ਡੇਟਾ ਸਾਇੰਸ ਦੇ ਉਭਾਰ ਦੇ ਨਾਲ ਸਾਫਟਵੇਅਰ ਵਿਕਾਸ, ਸਾਈਬਰ ਸੁਰੱਖਿਆ, ਏਰੋਸਪੇਸ ਅਤੇ ਸਿਸਟਮ ਇੰਜੀਨੀਅਰਿੰਗ ਵਿੱਚ ਭੂਮਿਕਾਵਾਂ ਤੇਜ਼ੀ ਨਾਲ ਫੈਲ ਰਹੀਆਂ ਹਨ।

ਜੀਵ ਵਿਗਿਆਨ ਨਾਲ ਤਕਨਾਲੋਜੀ ਦੇ ਏਕੀਕਰਨ ਨੇ ਬਾਇਓਟੈਕਨਾਲੋਜੀ, ਬਾਇਓਇਨਫਾਰਮੈਟਿਕਸ, ਫੂਡ ਟੈਕਨਾਲੋਜੀ, ਮਾਈਕਰੋਬਾਇਓਲੋਜੀ, ਮੈਡੀਕਲ ਅਤੇ ਡਿਜ਼ਾਈਨ ਇੰਜੀਨੀਅਰਿੰਗ ਵਰਗੇ ਵਿਭਿੰਨ ਵਿਸ਼ਿਆਂ ਦੇ ਉਭਾਰ ਵੱਲ ਅਗਵਾਈ ਕੀਤੀ ਹੈ, ਜੋ ਵਿਗਿਆਨਕ ਨਵੀਨਤਾ ਦੇ ਨਾਲ ਰਚਨਾਤਮਕਤਾ ਨੂੰ ਮਿਲਾਉਂਦੇ ਹਨ।

ਕਾਮਰਸ: ਕਾਰੋਬਾਰ ਲਈ ਇੱਕ ਨਵਾਂ ਪੈਰਾਡਿਜ਼ਮ

ਕਾਮਰਸ ਸਟ ?ਰੀਮ ਉਹਨਾਂ ਵਿਦਿਆਰਥੀਆਂ ਲਈ ਆਦਰਸ਼ ਹੈ ਜੋ ਨੰਬਰ, ਰਣਨੀਤੀ ਅਤੇ ਪ੍ਰਬੰਧਨ ਵਿੱਚ ਦਿਲਚਸਪੀ ਰੱਖਦੇ ਹਨ। ਜਿੱਥੇ ਬੀਬੀਏ, ਬੀ.ਕਾਮ, ਐਮ.ਬੀ.ਏ. ਵਰਗੇ ਕੋਰਸ ਕਾਰਪੋਰੇਟ, ਉੱਦਮੀ ਅਤੇ ਜਨਤਕ ਖੇਤਰਾਂ ਵਿੱਚ ਕਰੀਅਰ ਦੇ ਰਸਤੇ ਪੇਸ਼ ਕਰਦੇ ਹਨ, ਉੱਥੇ ਹੀ ਫਿਨਟੈਕ, ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ ਦੇ ਉਭਾਰ ਨੇ ਵਿਦਿਆਰਥੀਆਂ ਲਈ ਨਵੇਂ ਕਰੀਅਰ ਦੇ ਰਸਤੇ ਖੋਲ੍ਹ ਦਿੱਤੇ ਹਨ। ਜਿਨ੍ਹਾਂ ਲੋਕਾਂ ਨੂੰ ਵਿੱਤ ਅਤੇ ਤਕਨਾਲੋਜੀ ਵਿੱਚ ਵਿਸ਼ੇਸ਼ ਦਿਲਚਸਪੀ ਹੈ, ਉਹ ਕ੍ਰਿਪਟੋਕਰੰਸੀ, ਬਲਾਕਚੈਨ ਅਤੇ ਡਿਜੀਟਲ ਭੁਗਤਾਨ ਹੱਲਾਂ ਵਿੱਚ ਕਰੀਅਰ ਬਾਰੇ ਵਿਚਾਰ ਕਰ ਸਕਦੇ ਹਨ।

ਕਲਾਵਾਂ: ਸਿਰਜਣਾਤਮਕਤਾ ਦੀ ਮੁੜ ਕਲਪਨਾ ਕੀਤੀ ਗਈ ਇਹ ਧਾਰਾ ਰਚਨਾਤਮਕ ਝੁਕਾਅ ਅਤੇ ਆਲੋਚਨਾਤਮਕ ਸੋਚ ਵਾਲੇ ਵਿਦਿਆਰਥੀਆਂ ਲਈ ਢੁਕਵੀਂ ਹੈ ਅਤੇ ਵਿਭਿੰਨ ਕਰੀਅਰ ਦੇ ਮੌਕੇ ਪ੍ਰਦਾਨ ਕਰਦੀ ਹੈ, ਖਾਸ ਕਰਕੇ ਡਿਜੀਟਲ ਪਲੇਟਫਾਰਮਾਂ ਦੇ ਵਾਧੇ ਅਤੇ ਰਚਨਾਤਮਕ ਪੇਸ਼ੇਵਰਾਂ ਦੀ ਮੰਗ ਦੇ ਨਾਲ। ਏਆਰ/ਵੀਆਲ ਤਕਨਾਲੋਜੀ ਦੇ ਆਗਮਨ ਨੇ ਐਨੀਮੇਸ਼ਨ, ਗ੍ਰਾਫਿਕ ਡਿਜ਼ਾਈਨ, ਅਤੇ ਯੂਅਕਸ/ ਯੂਆਈ ਡਿਜ਼ਾਈਨ ਵਿੱਚ ਇੱਕ ਪ੍ਰਫੁੱਲਤ ਕਰੀਅਰ ਦੀ ਅਗਵਾਈ ਕੀਤੀ ਹੈ। ਡਿਜੀਟਲ ਮੀਡੀਆ ਦੇ ਉਭਾਰ ਨੇ ਪੱਤਰਕਾਰੀ, ਜਨਸੰਪਰਕ ਅਤੇ ਔਨਲਾਈਨ ਸਮੱਗਰੀ ਸਿਰਜਣਾ ਵਿੱਚ ਇੱਕ ਵਿਸਤਾਰਸ਼ੀਲ ਕਰੀਅਰ ਦੀ ਅਗਵਾਈ ਕੀਤੀ ਹੈ। ਥੀਏਟਰ, ਸੰਗੀਤ ਅਤੇ ਇਵੈਂਟ ਕੋਆਰਡੀਨੇਸ਼ਨ ਵਰਗੀਆਂ ਰਚਨਾਤਮਕ ਕਲਾਵਾਂ ਵਿੱਚ ਮੌਕੇ ਵਧ ਰਹੇ ਹਨ। ਅਜਿਹੇ ਕੁਝ ਲਾਭਦਾਇਕ ਕਰੀਅਰ ਵਿਕਲਪ ਮਨੋਵਿਗਿਆਨ, ਯਾਤਰਾ ਅਤੇ ਸੈਰ-ਸਪਾਟਾ, ਫੋਟੋਗ੍ਰਾਫੀ, ਲਿਬਰਲ ਆਰਟਸ, ਰਸੋਈ ਕਲਾ, ਫੈਸ਼ਨ ਡਿਜ਼ਾਈਨ, ਟੈਕਸਟਾਈਲ ਡਿਜ਼ਾਈਨ, ਅੰਦਰੂਨੀ ਡਿਜ਼ਾਈਨ ਅਤੇ ਹੋਰ ਬਹੁਤ ਸਾਰੇ ਹਨ।

ਅੱਜ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਆਰਥਿਕ ਦ੍ਰਿਸ਼ਟੀਕੋਣ ਵਿੱਚ, ਵੱਖ-ਵੱਖ ਖੇਤਰਾਂ ਵਿੱਚ ਕਰੀਅਰ ਦੇ ਬਹੁਤ ਸਾਰੇ ਮੌਕੇ ਹਨ। ਵਿਦਿਆਰਥੀਆਂ ਨੂੰ ਆਪਣੀਆਂ ਰੁਚੀਆਂ ਅਤੇ ਤਾਕਤ 'ਤੇ ਧਿਆਨ ਕੇਂਦਰਿਤ ਕਰਨ, ਸੰਬੰਧਿਤ ਕੋਰਸਾਂ ਨੂੰ ਅੱਗੇ ਵਧਾਉਣ ਅਤੇ ਇਸ ਵਿਕਸਤ ਹੋ ਰਹੇ ਖੇਤਰ ਨੂੰ ਨੈਵੀਗੇਟ ਕਰਨ ਅਤੇ ਸਫਲ ਅਤੇ ਸੰਪੂਰਨ ਕਰੀਅਰ ਬਣਾਉਣ ਲਈ ਬਦਲਦੇ ਗਤੀਸ਼ੀਲਤਾ ਦੇ ਨਾਲ ਰਹਿਣ ਦੀ ਲੋੜ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਗਰਗ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**

# ਰਾਸ਼ਟਰਪਤੀ ਭਵਨ ਵਿਖੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਅਚਾਨਕ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ - ਰਾਜਨੀਤਿਕ ਗਲਿਆਰਿਆਂ ਵਿੱਚ ਰਾਜਨੀਤਿਕ ਅਟਕਲਾਂ ਸਿਖਰ 'ਤੇ ਪਹੁੰਚ ਗਈਆਂ !

## ਕੀ ਮਾਨਸੂਨ ਸੈਸ਼ਨ ਵਿੱਚ ਰਾਸ਼ਟਰਪਤੀ ਨਾਲ ਸਰਕਾਰ ਦੇ ਦੋ ਮੁੱਖ ਥੰਮ ?ਹਾਂ ਦੀ ਮੁਲਾਕਾਤ ਇੱਕ ਵੱਡਾ ਫੈਸਲਾ ਹੈ,ਇੱਕ ਵੱਡਾ ਬਿੱਲ ਹੈ, ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦਿੱਤਾ ਗਿਆ ਹੈ ਜਾਂ ਉਪ-ਰਾਸ਼ਟਰਪਤੀ ਚੋਣ ਦਾ ਮਾਮਲਾ ਹੈ ?

ਗੋਂਡੀਆ - ਵਿਸ਼ਵ ਪੱਧਰ 'ਤੇ, ਪੂਰੀ ਦੁਨੀਆ ਦੀਆਂ ਨਜ਼ਰਾਂ ਭਾਰਤ ਦੀ ਹਰ ਗਤੀਵਿਧੀ 'ਤੇ ਹਨ। ਖੈਰ, 21 ਜੁਲਾਈ ਤੋਂ 21 ਅਗਸਤ ਤੱਕ ਮਾਨਸੂਨ ਸੈਸ਼ਨ ਚੱਲ ਰਿਹਾ ਹੈ, ਇਸ ਲਈ ਨਜ਼ਰਾਂ ਹੋਰ ਵੀ ਤਿੱਖੀਆਂ ਹੋ ਜਾਂਦੀਆਂ ਹਨ ਕਿ ਸੰਸਦ ਕਿਸ ਤਰ੍ਹਾਂ ਦੇ ਵੱਡੇ ਫੈਸਲੇ ਲੈਂਦੀ ਹੈ, ਜਾਂ ਆਪ੍ਰੇਸ਼ਨ ਸਿੰਦੂਰ 'ਤੇ 32 ਘੰਟੇ ਦੀ ਬਹਿਸ ਤੋਂ ਬਾਅਦ, ਹੁਣ ਫਿਰ ਤੋਂ SIR 'ਤੇ ਸੰਸਦ ਵਿੱਚ ਹੰਗਾਮੇ ਕਾਰਨ ਕੰਮ ਠੱਪ ਹੋ ਗਿਆ ਹੈ, ਇਸ ਤੋਂ ਇਲਾਵਾ, ਉਪ ਰਾਸ਼ਟਰਪਤੀ ਦੀ ਚੋਣ 9 ਸਤੰਬਰ 2025 ਨੂੰ ਹੋਣ ਦਾ ਐਲਾਨ ਕੀਤਾ ਗਿਆ ਹੈ, ਸੰਸਦ ਵਿੱਚ ਵੱਡੇ ਬਿੱਲ ਪੈਂਡਿੰਗ ਹਨ, ਇਸ ਦੌਰਾਨ, ਭਾਰਤ ਸਰਕਾਰ ਅਤੇ ਪਾਰਟੀ ਦੇ ਦੋ ਮੁੱਖ ਸ਼ਕਤੀਸ਼ਾਲੀ ਚੋਟੀ ਦੇ ਨੇਤਾਵਾਂ ਦੇ ਅਚਾਨਕ ਐਤਵਾਰ, 3 ਅਗਸਤ 2025 ਨੂੰ ਰਾਸ਼ਟਰਪਤੀ ਭਵਨ ਜਾਣ ਅਤੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਦੀ ਗਤੀਵਿਧੀ ਨੇ ਨਾ ਸਿਰਫ਼ ਭਾਰਤ ਦਾ ਸਗੋਂ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਇਸੇ ਲਈ ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ ਦਾ ਮੰਨਣਾ ਹੈ ਕਿ ਕੋਈ ਬਹੁਤ ਹੀ ਖਾਸ ਮਹੱਤਵਪੂਰਨ ਮੁੱਦਾ ਹੋਵੇਗਾ ਜਿਸ 'ਤੇ ਦੋਵੇਂ ਨੇਤਾ ਵੱਖਰੇ ਤੌਰ 'ਤੇ ਚਰਚਾ ਕਰ ਰਹੇ ਹਨ। ਉਹ ਰਾਸ਼ਟਰਪਤੀ ਭਵਨ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰ ਚੁੱਕੇ ਹਨ, ਜਿਸ ਦਾ ਖੁਲਾਸਾ ਕੁਝ ਦਿਨਾਂ ਵਿੱਚ ਹੋ ਜਾਵੇਗਾ,ਪਰ ਰਾਜਨੀਤਿਕ ਹਲਕਿਆਂ ਵਿੱਚ ਰਾਜਨੀਤਿਕ ਅਟਕਲਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ, ਵਿਰੋਧੀ ਧਿਰ ਸੁਚੇਤ ਹੋ ਗਈ ਹੈ ਕਿ ਕੋਈ ਵੱਡਾ ਫੈਸਲਾ ਨਹੀਂ ਲਿਆ ਜਾ ਰਿਹਾ ਹੈ, ਜਾਂ ਮਾਨਸੂਨ ਸੈਸ਼ਨ ਵਿੱਚ ਕੋਈ ਵੱਡਾ ਬਿੱਲ ਪੇਸ਼ ਨਹੀਂ ਕੀਤਾ ਜਾਵੇਗਾ ਅਤੇ ਹੰਗਾਮੇ ਦੌਰਾਨ ਆਵਾਜ਼ ਵੋਟ ਨਾਲ ਪਾਸ ਕੀਤਾ ਜਾਵੇਗਾ ਜਾਂ ਅਜਿਹੀਆਂ ਅਟਕਲਾਂ ਹਨ ਕਿ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ ਜਾਂ ਉਪ ਰਾਸ਼ਟਰਪਤੀ ਦੇ ਨਾਮ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਕਿਉਂਕਿ ਮਾਨਸੂਨ ਸੈਸ਼ਨ ਵਿੱਚ ਰਾਸ਼ਟਰਪਤੀ ਨਾਲ ਸਰਕਾਰ ਦੇ ਦੋ ਮੁੱਖ ਥੰਮ ?ਹਾਂ ਦੀ ਮੁਲਾਕਾਤ ਇੱਕ ਵੱਡੇ ਫੈਸਲੇ, ਇੱਕ ਵੱਡੇ ਬਿੱਲ, ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਜਾਂ ਉਪ ਰਾਸ਼ਟਰਪਤੀ ਦੀ ਚੋਣ ਦਾ ਮਾਮਲਾ ਹੋ ਸਕਦਾ ਹੈ, ਇਸ ਲਈ ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਇਸ ਲੇਖ ਰਾਹੀਂ ਅਸੀਂ ਚਰਚਾ ਕਰਾਂਗੇ ਕਿ ਪ੍ਰਧਾਨ ਮੰਤਰੀ ਗ੍ਰਹਿ ਮੰਤਰੀ ਨੇ ਰਾਸ਼ਟਰਪਤੀ ਭਵਨ ਵਿੱਚ ਅਚਾਨਕ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ, ਰਾਜਨੀਤਿਕ ਗਤੀਵਿਧੀਆਂ ਵਿੱਚ ਰਾਜਨੀਤਿਕ ਅਟਕਲਾਂ ਸਿਖਰ 'ਤੇ ਪਹੁੰਚ ਗਈਆਂ।

ਦੋਸਤੋ, ਜੇਕਰ ਅਸੀਂ ਐਤਵਾਰ 3 ਅਗਸਤ 2025 ਨੂੰ ਭਾਰਤ ਵਿੱਚ ਰਾਜਨੀਤਿਕ ਹਲਚਲ ਬਾਰੇ ਗੱਲ ਕਰੀਏ, ਤਾਂ ਐਤਵਾਰ ਨੂੰ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਸ਼ਟਰਪਤੀ ਨਾਲ ਮਿਲੇ। ਰਾਸ਼ਟਰਪਤੀ ਨਾਲ ਦੋਵਾਂ ਆਗੂਆਂ ਦੀ ਮੁਲਾਕਾਤ ਤੋਂ ਬਾਅਦ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਹਾਲਾਂਕਿ, ਅਜੇ ਤੱਕ ਇਹ ਸਾਹਮਣੇ ਨਹੀਂ ਆਇਆ ਹੈ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਪਿੱਛੇ ਕੀ ਕਾਰਨ ਹੈ। ਰਾਸ਼ਟਰਪਤੀ ਭਵਨ ਨੇ ✓ 'ਤੇ ਪੋਸਟ ਸਾਂਝੀ ਕੀਤੀ ਅਤੇ ਲਿਖਿਆ - ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਨੇ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਦਰਅਸਲ, ਰਾਸ਼ਟਰਪਤੀ ਨਾਲ ਦੋਵਾਂ ਆਗੂਆਂ ਦੀ ਮੁਲਾਕਾਤ ਤੋਂ ਬਾਅਦ, ਤਰ੍ਹਾਂ-ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਸਰਕਾਰ ਜਾਂ ਤਾਂ ਕੋਈ ਵੱਡਾ ਫੈਸਲਾ ਲੈਣ 'ਤੇ ਵਿਚਾਰ ਕਰ ਰਹੀ ਹੈ ਜਾਂ ਸਦਨ ਵਿੱਚ ਇੱਕ ਵੱਡਾ ਬਿੱਲ ਲਿਆਉਣਾ ਚਾਹੁੰਦੀ ਹੈ। ਇਸੇ ਲਈ ਦੋਵੇਂ ਆਗੂ ਰਾਸ਼ਟਰਪਤੀ ਨਾਲ ਮਿਲੇ ਹਨ।ਤੁਹਾਨੂੰ ਦੱਸ ਦੇਈਏ ਕਿ ਸੰਸਦ ਦਾ ਮਾਨਸੂਨ ਸੈਸ਼ਨ ਚੱਲ ਰਿਹਾ ਹੈ। ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਤੋਂ ਹੀ ਵਿਰੋਧੀ ਧਿਰ ਬਿਹਾਰ ਵਿੱਚ ਆਪਰੇਸ਼ਨ ਸਿੰਦੂਰ ਅਤੇ ਐਸਆਈਆਰ 'ਤੇ ਚਰਚਾ ਦੀ ਮੰਗ ਕਰ ਰਹੀ ਹੈ। ਵਿਰੋਧੀ ਧਿਰ ਇਨ੍ਹਾਂ ਦੋਵਾਂ ਮੰਗਾਂ 'ਤੇ ਲਗਾਤਾਰ ਪ੍ਰਦਰਸ਼ਨ ਕਰ ਰਹੀ ਹੈ। ਵਿਰੋਧੀ ਧਿਰ ਦੀ ਮੰਗ ਤੋਂ ਬਾਅਦ ਸੰਸਦ ਦੇ ਦੋਵਾਂ ਸਦਨਾਂ ਵਿੱਚ ਆਪਰੇਸ਼ਨ ਸਿੰਦੂਰ 'ਤੇ ਚਰਚਾ ਹੋ ਚੁੱਕੀ ਹੈ, ਪਰ ਐਸਆਈਆਰ 'ਤੇ ਅਜੇ ਤੱਕ ਚਰਚਾ ਨਹੀਂ ਹੋਈ ਹੈ। ਵਿਰੋਧੀ ਧਿਰ ਇਸ ਮੁੱਦੇ 'ਤੇ ਸਦਨ ਵਿੱਚ ਚਰਚਾ ਚਾਹੁੰਦੀ ਹੈ ਪਰ ਸਰਕਾਰ ਅਜੇ ਤੱਕ ਇਸ ਲਈ ਤਿਆਰ ਨਹੀਂ ਹੈ।



**ਸਰਕਾਰ ਦੇ ਦੋ ਪ੍ਰਮੁੱਖ ਨੇਤਾਵਾਂ ਦੀ ਰਾਸ਼ਟਰਪਤੀ ਨਾਲ ਇੱਕੋ ਦਿਨ ਵੱਖਰੇ ਤੌਰ 'ਤੇ ਮੁਲਾਕਾਤ, ਕਿਸੇ ਵੱਡੇ ਮਹੱਤਵਪੂਰਨ ਮੁੱਦੇ ਵੱਲ ਇਸ਼ਾਰਾ ਕਰਦੀ ਹੈ- ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ**

ਦੋਸਤੋ, ਜੇਕਰ ਅਸੀਂ ਇਸ ਮੀਟਿੰਗ ਨੂੰ 9 ਸਤੰਬਰ 2025 ਨੂੰ ਹੋਣ ਵਾਲੀਆਂ ਚੋਣਾਂ ਦੇ ਸਬੰਧ ਵਿੱਚ ਵੇਖੀਏ, ਤਾਂ ਚੋਣ ਕਮਿਸ਼ਨ ਨੇ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਵੋਟਿੰਗ 9 ਸਤੰਬਰ ਨੂੰ ਹੋਵੇਗੀ। ਮੌਜੂਦਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ 21 ਜੁਲਾਈ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਕਾਰਨ ਨਵੇਂ ਉਪ ਰਾਸ਼ਟਰਪਤੀ ਦੀ ਚੋਣ ਹੋ ਰਹੀ ਹੈ। ਚੋਣ ਕਮਿਸ਼ਨ ਵੱਲੋਂ 7 ਅਗਸਤ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।ਤੁਹਾਨੂੰ ਦੱਸ ਦੇਈਏ ਕਿ 21 ਜੁਲਾਈ ਨੂੰ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੇ ਆਪਣਾ ਕਾਰਜਕਾਲ ਪੂਰਾ ਨਹੀਂ ਕੀਤਾ। ਅਜਿਹੀ ਸਥਿਤੀ ਵਿੱਚ, ਉਪ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਚੋਣ ਹੋਣੀ ਹੈ। ਇੱਥੇ ਦੋਵਾਂ ਸਦਨਾਂ ਦੀ ਗਿਣਤੀ ਨੂੰ ਸਮਝੋ, ਸੰਸਦ ਦੇ ਦੋਵਾਂ ਸਦਨਾਂ ਵਿੱਚ ਕੁੱਲ ਸੰਸਦ ਮੈਂਬਰਾਂ ਦੀ ਗਿਣਤੀ 782 ਹੈ। ਉਪ ਰਾਸ਼ਟਰਪਤੀ ਦਾ ਅਹੁਦਾ ਜਿੱਤਣ ਲਈ, ਉਮੀਦਵਾਰ ਨੂੰ 391 ਵੋਟਾਂ ਦੀ ਲੋੜ ਹੁੰਦੀ ਹੈ। ਲੋਕ ਸਭਾ ਵਿੱਚ 542 ਮੈਂਬਰਾਂ ਵਿੱਚੋਂ,



ਐਨਡੀਏ ਦੇ 293 ਸੰਸਦ ਮੈਂਬਰ ਹਨ। ਇਸ ਦੇ ਨਾਲ ਹੀ, ਰਾਜ ਸਭਾ ਵਿੱਚ 240 ਮੈਂਬਰਾਂ ਵਿੱਚੋਂ, 129 ਮੈਂਬਰ ਐਨਡੀਏ ਦੇ ਹਨ। ਕੁੱਲ ਮਿਲਾ ਕੇ, ਐਨਡੀਏ ਨੂੰ 422 ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ। ਅਜਿਹੀ ਸਥਿਤੀ ਵਿੱਚ, ਸਿਰਫ ਐਨਡੀਏ ਉਮੀਦਵਾਰ ਹੀ ਉਪ ਰਾਸ਼ਟਰਪਤੀ ਅਹੁਦੇ ਲਈ ਦਾਅਵੇਦਾਰ ਹੋ ਸਕਦਾ ਹੈ। ਉਮੀਦਵਾਰ ਦਾ ਐਲਾਨ ਅਜੇ ਨਹੀਂ ਕੀਤਾ ਗਿਆ ਹੈ। ਇੱਥੇ ਉਜਾਗਰ ਕਰਨ ਵਾਲੀ ਗੱਲ ਇਹ ਹੈ ਕਿ ਪਾਰਟੀ ਕੋਲ ਉਪ ਰਾਸ਼ਟਰਪਤੀ ਚੋਣ ਵਿੱਚ ਧਨਖੜ ਅਤੇ ਨਾਇਡੂ ਵਰਗੀ ਸਥਿਤੀ ਨਹੀਂ ਹੈ। ਸਰਕਾਰ ਤਿੰਨ ਪਹੀਆਂ 'ਤੇ ਸਵਾਰ ਹੈ, ਇਸ ਲਈ ਉਮੀਦਵਾਰ ਦੇ ਨਾਮ 'ਤੇ ਬਾਕੀ ਦੋ ਪਹੀਆਂ ਦੀ ਸਹਿਮਤੀ ਲੈਣਾ ਜ਼ਰੂਰੀ ਹੋ ਗਿਆ ਹੈ, ਨਹੀਂ ਤਾਂ ਨੰਬਰ ਗੇਮ ਵਿੱਚ ਵੱਡੀ ਖੇਡ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨੰਬਰ ਗੇਮ ਦੇ ਅਨੁਸਾਰ, ਜੇਕਰ ਬਾਕੀ ਦੋ ਪਹੀਏ ਕਰਾਸ ਵੋਟਿੰਗ ਕਰਦੇ ਹਨ, ਤਾਂ ਇਹ ਸੰਭਵ ਹੈ ਕਿ ਉਪ ਰਾਸ਼ਟਰਪਤੀ ਵਿਰੋਧੀ ਧਿਰ ਤੋਂ ਹੋ ਸਕਦਾ ਹੈ, ਪਰ ਇਸਦੀ ਸੰਭਾਵਨਾ ਬਹੁਤ ਘੱਟ ਹੈ।

ਦੋਸਤੋ, ਜੇਕਰ ਅਸੀਂ ਇਸ ਮੁੱਦੇ 'ਤੇ ਕਾਂਗਰਸ ਨੇਤਾ ਸ਼ਸ਼ੀ ਥਰੂਰ ਦੇ ਬਿਆਨ ਦੀ ਗੱਲ ਕਰੀਏ, ਤਾਂ ਜਦੋਂ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਤੋਂ ਪੁੱਛਿਆ ਗਿਆ ਕਿ ਦੇਸ਼ ਦਾ ਅਗਲਾ ਉਪ ਰਾਸ਼ਟਰਪਤੀ ਕੌਣ ਹੋਵੇਗਾ? ਇਸ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਸ ਅਹੁਦੇ 'ਤੇ ਸਿਰਫ਼ ਸੱਤਾਧਾਰੀ ਪਾਰਟੀ ਦਾ ਉਮੀਦਵਾਰ ਹੀ ਬੈਠ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਹ ਕਿਸ ਨੂੰ ਉਪ ਰਾਸ਼ਟਰਪਤੀ ਬਣਾਏਗੀ। ਥਰੂਰ ਨੇ ਕਿਹਾ ਕਿ ਸਾਨੂੰ ਸਿਰਫ਼ ਇਹੀ ਪਤਾ ਹੈ ਕਿ ਜਿਸ ਵਿਅਕਤੀ ਨੂੰ ਉਹ ਉਮੀਦਵਾਰ ਬਣਾਏਗੀ, ਉਹ ਅਗਲਾ ਉਪ ਰਾਸ਼ਟਰਪਤੀ ਹੋਵੇਗਾ। ਇਹ ਸੰਸਦ ਦੇ ਦੋਵਾਂ ਸਦਨਾਂ ਦੀ ਚੋਣ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਚੋਣ ਵਿੱਚ, ਰਾਜ ਵਿਧਾਨ ਸਭਾਵਾਂ ਵੀ ਵੋਟ ਪਾਉਂਦੀਆਂ ਹਨ, ਪਰ ਸਿਰਫ਼ ਲੋਕ ਸਭਾ ਅਤੇ ਰਾਜ ਸਭਾ ਹੀ ਉਪ ਰਾਸ਼ਟਰਪਤੀ ਨੂੰ ਵੋਟ ਪਾਉਂਦੀਆਂ ਹਨ। ਇਸ ਲਈ ਅਸੀਂ ਪਹਿਲਾਂ ਹੀ ਬਹੁਮਤ ਨੂੰ ਜਾਣਦੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇੰਨਾ ਸਮਝੋ ਕਿ ਅਗਲਾ ਉਪ ਰਾਸ਼ਟਰਪਤੀ ਸੱਤਾਧਾਰੀ ਪਾਰਟੀ ਦੁਆਰਾ ਨਾਮਜ਼ਦ ਵਿਅਕਤੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਕੇਂਦਰ ਵੀ ਅਗਲਾ ਉਪ ਰਾਸ਼ਟਰਪਤੀ ਚੁਣਨ ਲਈ ਵਿਰੋਧੀ ਧਿਰ ਦੀ ਸਲਾਹ ਲਵੇਗਾ, ਪਰ ਕੌਣ ਜਾਣਦਾ ਹੈ?

ਦੋਸਤੋ, ਜੇਕਰ ਅਸੀਂ ਉਪ ਰਾਸ਼ਟਰਪਤੀ ਚੋਣ ਦੀ ਪ੍ਰਕਿਰਿਆ ਅਤੇ ਯੋਗਤਾ ਬਾਰੇ ਗੱਲ ਕਰੀਏ, ਤਾਂ ਉਪ ਰਾਸ਼ਟਰਪਤੀ ਚੋਣ ਪ੍ਰਕਿਰਿਆ ਅਤੇ ਯੋਗਤਾ (1) ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ (2) ਘੱਟੋ-ਘੱਟ 35 ਸਾਲ ਦੀ ਉਮਰ ਹੋਣੀ ਚਾਹੀਦੀ ਹੈ (3) ਰਾਜ ਸਭਾ ਦੇ ਮੈਂਬਰ ਵਜੋਂ ਚੁਣੇ ਜਾਣ ਦੇ ਯੋਗ ਹੋਣਾ ਚਾਹੀਦਾ ਹੈ (4) ਉਪ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਇੱਕ ਪ੍ਰਕਿਰਿਆ ਹੈ (5) ਉਮੀਦਵਾਰ ਨੂੰ 15,000 ਰੁਪਏ ਦੀ ਸੁਰੱਖਿਆ ਜਮ ?ਹਾਂ ਕਰਵਾਉਣੀ ਪੈਂਦੀ ਹੈ (6) ਜੇਕਰ 1/6 ਵੋਟਾਂ ਪ੍ਰਾਪਤ ਨਹੀਂ ਹੁੰਦੀਆਂ ਹਨ ਤਾਂ ਸੁਰੱਖਿਆ ਜਮ ?ਹਾਂ ਰਾਸ਼ੀ ਜ਼ਬਤ ਹੋ ਜਾਂਦੀ ਹੈ (7) ਨਾਮਜ਼ਦਗੀ ਪੱਤਰਾਂ ਦੀ ਜਾਂਚ ਤੋਂ ਬਾਅਦ, ਯੋਗ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ (8) ਵੋਟਿੰਗ ਪ੍ਰਕਿਰਿਆ ਵਿੱਚ, ਵੋਟਰ ਉਮੀਦਵਾਰਾਂ ਨੂੰ ਉਨ੍ਹਾਂ ਦੀ ਪਸੰਦ ਅਨੁਸਾਰ ਤਰਜੀਹ ਦਿੰਦੇ ਹਨ (9) ਉਦਾਹਰਣ ਵਜੋਂ, ਜੇਕਰ ਤਿੰਨ ਉਮੀਦਵਾਰ 1, 2, ਅਤੇ 3 ਹਨ, ਤਾਂ ਵੋਟਰ ਤਰਜੀਹ ਦਰਸਾ ਸਕਦਾ ਹੈ (10) ਹਰੇਕ ਸੰਸਦ ਮੈਂਬਰ ਇੱਕ ਵੋਟ ਪਾਉਂਦਾ ਹੈ (11) ਉਮੀਦਵਾਰਾਂ ਨੂੰ ਤਰਜੀਹ ਦੇ ਆਧਾਰ 'ਤੇ 1, 2, 3..ਦੇ ਕ੍ਰਮ ਵਿੱਚ ਦਿਖਾਇਆ ਜਾਂਦਾ ਹੈ (12) ਵੋਟਾਂ ਦੀ ਗਿਣਤੀ ਤੋਂ ਬਾਅਦ, ਉਮੀਦਵਾਰਾਂ ਨੂੰ ਉਨ੍ਹਾਂ ਦੀ ਤਰਜੀਹ ਅਨੁਸਾਰ ਵੋਟਾਂ ਅਲਾਟ ਕੀਤੀਆਂ ਜਾਂਦੀਆਂ ਹਨ (13) ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲਾ ਉਮੀਦਵਾਰ ਰਾਸ਼ਟਰਪਤੀ ਚੋਣ ਦੇ ਜੇਤੂ ਐਲਾਨੇ ਗਏ। ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਚਾਨਕ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਨੂੰ ਮਿਲੇ - ਰਾਜਨੀਤਿਕ ਗਲਿਆਰਿਆਂ ਵਿੱਚ ਰਾਜਨੀਤਿਕ ਅਟਕਲਾਂ ਆਪਣੇ ਸਿਖਰ 'ਤੇ ਪਹੁੰਚ ਗਈਆਂ! ਮਾਨਸੂਨ ਸੈਸ਼ਨ ਵਿੱਚ ਰਾਸ਼ਟਰਪਤੀ ਨਾਲ ਸਰਕਾਰ ਦੇ ਦੋ ਮੁੱਖ ਥੰਮ ?ਹਾਂ ਦੀ ਮੁਲਾਕਾਤ ਇੱਕ ਵੱਡੇ ਫੈਸਲੇ, ਇੱਕ ਵੱਡੇ ਬਿੱਲ, ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਜਾਂ ਉਪ-ਰਾਸ਼ਟਰਪਤੀ ਚੋਣ ਦੇ ਮਾਮਲੇ ਬਾਰੇ ਹੈ? ਸਰਕਾਰ ਦੇ ਦੋ ਪ੍ਰਮੁੱਖ ਨੇਤਾਵਾਂ ਦਾ ਇੱਕੋ ਦਿਨ ਰਾਸ਼ਟਰਪਤੀ ਨਾਲ ਵੱਖਰੇ ਤੌਰ 'ਤੇ ਮੁਲਾਕਾਤ ਕਰਨਾ ਕਿਸੇ ਵੱਡੇ ਅਤੇ ਮਹੱਤਵਪੂਰਨ ਮੁੱਦੇ ਵੱਲ ਇਸ਼ਾਰਾ ਕਰਦਾ ਹੈ।

**ਕੰਪਾਈਲਰ ਲੇਖਕ - ਕਿਆਰ ਮਾਹਰ**
**ਕਾਲਮਨਵੀਸ ਸਾਹਿਤਕ ਹਸਤੀ**
**ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ**
**ਸੰਗੀਤ ਮਾਧਿਅਮ ਸੀਏ (ਏਟੀਸੀ)**
**ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ**
**ਗੋਂਡੀਆ ਮਹਾਰਾਸ਼ਟਰ 9226229318**

# ਨਾਸਤ੍ਰਾਦੇਮਸ : ਭਵਿੱਖ ਵੇਖਣ ਵਾਲਾ ਰਹੱਸਮਈ ਮਨੁੱਖ

ਕੀ ਭਵਿੱਖ ਦੇਖਣਾ ਸਿਰਫ਼ ਕਲਪਨਾ ਹੈ ਜਾਂ ਸੱਚਮੁੱਚ ਕੁਝ ਲੋਕ ਸਮੇਂ ਤੋਂ ਅੱਗੇ ਦੇਖਣ ਦੀ ਸਮਰੱਥਾ ਰੱਖਦੇ ਹਨ? ਭਵਿੱਖਬਾਣੀ ਕਰਨਾ ਹਮੇਸ਼ਾ ਤੋਂ ਵਿਵਾਦ ਤੇ ਸੰਵਾਦ ਦਾ ਵਿਸ਼ਾ ਰਿਹਾ ਹੈ। ਜਦੋਂ ਵੀ ਇਤਿਹਾਸ ਵਿੱਚ ਭਵਿੱਖਵਾਣੀਆਂ ਬਾਰੇ ਕੋਈ ਗੱਲ ਚੱਲਦੀ ਹੈ ਤਾਂ ਇੱਕ ਨਾਮ ਰਹੱਸਮਈ ਰੋਸ਼ਨੀ ਦੀ ਤਰ੍ਹਾਂ ਉਭਰ ਕੇ ਸਾਹਮਣੇ ਆਉਂਦਾ ਹੈ- ਦਿਸੰਬਰ 1503 ਨੂੰ ਫ਼ਰਾਂਸ ਵਿੱਚ ਜਨਮਿਆ ਨਾਸਤ੍ਰਾਦੇਮਸ। ਜਿਸਨੇ ਕਈ ਅਜਿਹੀਆਂ ਭਵਿੱਖਬਾਣੀਆਂ ਕੀਤੀਆਂ। ਜੋ ਅੱਗੇ ਜਾ ਕੇ ਆਉਣ ਵਾਲੀਆਂ ਸਦੀਆਂ ਵਿੱਚ ਦੁਨੀਆਂ ਤੇ ਵਾਪਰੀਆਂ ਕੁੱਝ ਇਹੋ ਜਿਹੀਆਂ ਘਟਨਾਵਾਂ ਨਾਲ ਮੇਲ ਖਾਂਦੀਆਂ ਨਜ਼ਰ ਆਈਆਂ ਕਿ ਦੁਨੀਆ ਦੰਗ ਰਹਿ ਗਈ।ਨਾਸਤ੍ਰਾਦੇਮਸ ਬਚਪਨ ਤੋਂ ਹੀ ਬਹੁਤ ਬੁੱਧੀਮਾਨ ਅਤੇ ਅਧਿਐਨ ਵਿੱਚ ਰੁਚੀ ਰੱਖਣ ਵਾਲਾ ਸੀ। ਉਸ ਨੂੰ ਲੈਟਿਨ, ਗਰੀਕ, ਹਿਬਰੂ ਅਤੇ ਅਰਬੀ ਭਾਸ਼ਾ ਦਾ ਗਿਆਨ ਸੀ।



ਭਵਿੱਖਬਾਣੀਆਂ ਦੀ ਸ਼ੁਰੂਆਤ

ਨਾਸਤ੍ਰਾਦੇਮਸ ਦੀ ਸਭ ਤੋਂ ਪ੍ਰਸਿੱਧ ਅਤੇ ਵਿਵਾਦਿਤ ਕਿਤਾਬ ਲੇ ਪ੍ਰੋਫੈਸੀਜ 1555 ਵਿੱਚ ਪ੍ਰਕਾਸ਼ਿਤ ਹੋਈ। ਉਹ ਦਾਅਵਾ ਕਰਦਾ ਸੀ ਕਿ ਉਸਦੀਆਂ ਭਵਿੱਖਬਾਣੀਆਂ ਜੋਤਿਸ਼, ਇਤਿਹਾਸ ਦੀ ਡੂੰਘੀ ਜਾਣਕਾਰੀ, ਬਾਈਬਲ, ਪ੍ਰਾਚੀਨ ਭਵਿੱਖਬਾਣੀਆਂ ਅਤੇ ਰਸਾਇਣਿਕ ਵਿਚਾਰਾਂ ਤੇ ਆਧਰਿਤ ਹਨ।

ਪ੍ਰਮੁੱਖ ਭਵਿੱਖਬਾਣੀਆਂ ਅਤੇ ਉਹਨਾਂ ਨਾਲ ਜੁੜੀਆਂ ਘਟਨਾਵਾਂ:-

1) ਨਪੋਲੀਅਨ ਦਾ ਉਥਾਨ- ਉਹ ਕਵਿਤਾ ਵਿੱਚ ਲਿਖਦਾ ਹੈ ਕਿ

ਇੱਕ ਸਮਰਾਟ ਇਟਲੀ ਦੇ ਨੇੜੇ ਜਨਮ ਲਵੇਗਾ। ਉਹ ਸਾਮਰਾਜ ਦੇ ਲਈ ਬਹੁਤ ਮਹਿੰਗਾ ਸਾਬਿਤ ਹੋਵੇਗਾ।

ਲੋਕ ਕਹਿਣਗੇ ਉਹ ਬਹੁਤ ਖ਼ੂੰਖਾਰ ਵਿਅਕਤੀ ਹੈ। ਉਹ ਰਾਜੇ ਤੋਂ ਵੱਧ ਇੱਕ ਕਸਾਈ ਹੋਵੇਗਾ

ਨੈਪੋਲੀਅਨ ਬੋਨਾਪਾਰਟ ਦਾ ਜਨਮ ਇਟਲੀ ਦੇ ਨੇੜੇ ਕੋਰਸੀਕਾ ਵਿੱਚ ਹੋਇਆ। ਨੈਪੋਲੀਅਨ ਵੱਲੋਂ ਲੜੇ ਗਏ ਯੁੱਧਾਂ ਵਿੱਚ ਲੱਖਾਂ ਲੋਕ ਮਾਰੇ ਗਏ ਤੇ ਬਹੁਤ ਆਰਥਿਕ ਨੁਕਸਾਨ ਹੋਇਆ।ਨੈਪੋਲੀਅਨ ਦੇ ਯੁੱਧਾਂ ਵਿੱਚ ਬਹੁਤ ਹੀ ਭਿਆਨਕ ਨਰਸੰਘਾਰ ਹੋਇਆ। ਇਸ ਲਈ ਲੋਕ ਉਸ ਨਿਰਦਈ ਮੰਨਦੇ ਸੀ। ਸੋ ਕਈ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਉਸ ਰਾਜੇ ਬਾਰੇ ਕੀਤੀ ਭਵਿੱਖਬਾਣੀ ਨੂੰ ਨੈਪੋਲੀਅਨ ਨਾਲ ਜੋੜ ਕੇ ਦੇਖਿਆ।

2) ਹਿਟਲਰ ਦਾ ਜਨਮ ਅਤੇ ਯੁੱਧ- ਉਹ ਲਿਖਦਾ ਹੈ ਕਿ

ਭੁੱਖ ਨਾਲ ਪਾਗਲ ਜਾਨਵਰ ਨਦੀਆਂ ਪਾਰ ਕਰਨਗੇ।

ਯੁੱਧ ਭੂਮੀ ਦਾ ਵੱਡਾ ਹਿੱਸਾ ਹਿਸਟਰ ਦੇ ਵਿਰੁੱਧ ਹੋਵੇਗਾ।

ਲੋਹੇ ਦੇ ਪਿੰਜਰੇ ਵਿੱਚ ਉਸ ਮਹਾਨ ਨੂੰ ਬੰਦ ਕੀਤਾ ਜਾਵੇਗਾ।

ਜਦੋਂ ਜਰਮਨੀ ਦਾ ਬੱਚਾ ਕੁਝ ਨਹੀਂ ਦੇਖੇਗਾ।

ਇਸ ਵਿੱਚ ਨਾਜੀ ਸੈਨਾ ਦੁਆਰਾ ਯੂਰਪ ਉੱਤੇ ਕੀਤੇ ਹਮਲੇ, ਹਿਸਟਰ ਸ਼ਬਦ ਨੂੰ ਹਿਟਲਰ, ਲੋਹੇ ਦੇ ਪਿੰਜਰੇ ਨੂੰ ਉਸ ਬੰਕਰ ਜਿੱਥੇ ਹਿਟਲਰ ਨੇ ਆਤਮ ਹੱਤਿਆ ਕੀਤੀ ਅਤੇ ਜਰਮਨੀ ਦੇ ਬੱਚੇ ਨੂੰ ਹਿਟਲਰ ਨਾਲ ਜੋੜ ਕੇ ਵੇਖਿਆ ਗਿਆ ਕਿ ਉਸ ਨੇ ਮਾਨਵਤਾ ਦੀ ਪਰਵਾਹ ਨਹੀਂ ਕੀਤੀ, ਲੱਖਾਂ ਯਹੂਦੀਆਂ ਨੂੰ ਤੜਪਾ ਤੜਪਾ ਕੇ ਮਾਰਿਆ, ਯੁੱਧ ਤੋਂ ਪਹਿਲਾਂ ਦੀਆਂ ਚੇਤਾਵਨੀਆਂ ਨੂੰ ਅਣਦੇਖਿਆ ਕੀਤਾ ਅਤੇ ਪੂਰੀ ਦੁਨੀਆਂ ਨੂੰ ਯੁੱਧ ਵੱਲ ਧੱਕਦਿੱਤਾ।

3) ਹੀਰੋਸ਼ੀਮਾ ਅਤੇ ਨਾਗਾਸਾਕੀ ਪਰਮਾਣੂ ਹਮਲੇ ਬਾਰੇ ਭਵਿੱਖਬਾਣੀ-

ਫਾਟਕਾਂ ਦੇ ਕੋਲ ਅਤੇ ਦੋ ਸ਼ਹਿਰਾਂ ਦੇ ਅੰਦਰ

ਇਹੋ ਜਿਹਾ ਕਹਿਰ ਟੁੱਟੇਗਾ ਜਿਵੇਂ ਪਹਿਲਾਂ ਕਦੀ ਨਾ ਦੇਖਿਆ ਗਿਆ ਹੋਵੇ

ਭੁੱਖਮਰੀ ਤੇ ਮਹਾਂਮਾਰੀ ਨਾਲ-ਨਾਲ ਫੈਲ ਜਾਵੇਗੀ

ਲੋਹਾ(ਧਾਤ) ਲੋਕਾਂ ਨੂੰ ਸਵਾਹ ਵਿੱਚ ਬਦਲ ਦੇਵੇਗਾ

ਅਤੇ ਉਹ ਪਰਮਾਤਮਾ ਤੋਂ ਰਹਿਮ ਦੀ ਭੀਖ਼ ਮੰਗਣਗੇ

ਫਾਟਕ ਤੇ ਸ਼ਹਿਰ ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਨਾਲ, ਕਹਿਰ ਨੂੰ ਪਰਮਾਣੂ ਬੰਬ ਹੋਏ ਵਿਨਾਸ਼, ਭੁੱਖਮਰੀ ਅਤੇ ਬੀਮਾਰੀ ਨੂੰ ਰੈਡੀਏਸ਼ਨ ਨਾਲ ਫ਼ੈਲੀ ਬੀਮਾਰੀ, ਲੋਹਾ ਨਾਲ ਸੁਆਹ ਹੋਣ ਨੂੰ ਬੰਬ ਤੇ ਵਿਸਫੋਟ ਨਾਲ ਹੋਈਆਂ ਮੌਤਾਂ ਅਤੇ ਪਰਮਾਤਮਾ ਤੋਂ ਮੰਗਣਾ ਪਰਮਾਤਮਾ ਤੋਂ ਰਹਿਮ ਦੀ ਭੀਖ਼ ਮੰਗਣ ਨੂੰ ਪੀੜ੍ਹਤ ਲੋਕਾਂ ਦੀ ਪੁਕਾਰ ਨਾਲ ਜੋੜ ਕੇ ਵੇਖਿਆ ਗਿਆ।

4) ਫਰਾਂਸ ਦੀ ਕ੍ਰਾਂਤੀ –

ਗੁਲਾਮ ਬਣੀ ਜਨਤਾ ਵਿੱਚੋਂ ਗੀਤਾਂ, ਨਾਅਰਿਆਂ ਤੇ ਮੰਗਾਂ ਦੀਆਂ ਆਵਾਜ਼ਾਂ ਉੱਠਣਗੀਆਂ

ਜਦੋਂ ਰਾਜਕੁਮਾਰਾਂ ਤੇ ਸਾਮੰਤਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਵੇਗਾ

ਭਵਿੱਖ ਵਿੱਚ ਇਹ ਭੀੜ ਬਿਨਾਂ ਸਿਰ ਵਾਲਿਆਂ ਨੂੰ ਈਸ਼ਵਰ ਦੇ ਦੂਤਾਂ ਵਰਗਾ ਮੰਨੇਗੀ

ਅਤੇ ਉਹਨਾਂ ਨੂੰ ਪ੍ਰਾਰਥਨਾ ਵਾਂਗ ਸਵੀਕਾਰ ਕਰੇਗੀ

ਇਸ ਵਿੱਚ ਗੁਲਾਮ ਜਨਤਾ ਨੂੰ ਫ਼ਰਾਂਸ ਦੀ ਗਰੀਬ ਆਮ ਜਨਤਾ ਨਾਲ, ਗੀਤ, ਨਾਅਰਿਆਂ ਅਤੇ ਮੰਗਾਂ ਨੂੰ ਕ੍ਰਾਂਤੀ ਦੇ ਸਮੇਂ ਜਨਤਾ ਦੇ ਪ੍ਰਦਰਸ਼ਨ, ਰਾਜਕੁਮਾਰ ਅਤੇ ਸਾਮੰਤਾਂ ਨੂੰ ਰਾਜਾ ਲੂਈ 16ਵਾਂ ਅਤੇ ਰਾਣੀ ਮੈਰੀ ਅੰਤੋਨੇਤ ਨੂੰ ਕੈਦ ਕਰਕੇ ਫਾਂਸੀ ਦੇਣਾ ਅਤੇ ਬਿਨਾਂ ਸਿਰ ਵਾਲੇ ਨੂੰ ਗਿਲੋਟੀਨ (ਗਰਦਨ ਕੱਟਣ ਵਾਲੀ ਮਸ਼ੀਨ ਨਾਲ) ਸਿਰ ਕੱਟਣ ਨਾਲ ਜੋੜ ਕੇ ਵੇਖਿਆ ਗਿਆ।



5) 9/11 ਅਮਰੀਕਾ ਉੱਤੇ ਹਮਲਾ-

ਪ੍ਰਿਥਵੀ ਦੇ ਕੇਂਦਰ ਤੋਂ ਉੱਠੀ ਅੱਗ ਧਰਤੀ ਨੂੰ ਹਿਲਾ ਦੇਵੇਗੀ

ਨਵੇਂ ਨਗਰ ਦੇ ਚਾਰੇ ਪਾਸੇ ਕੰਬ ਜਾਣਗੇ

ਦੋ ਮਹਾਨ ਸ਼ਿਲਾਵਾਂ ਲੰਮੇ ਸਮੇਂ ਤੱਕ ਯੁੱਧ ਕਰਨਗੀਆਂ

ਫਿਰ ਅਰੇਥੂਸਾ(ਜਲਪਰੀ) ਇਕ ਨਵੀਂ ਨਦੀ ਨੂੰ ਖ਼ੂਨ ਨਾਲ ਲਿਪਤ ਕਰ ਦੇਵੇਗੀ

11 ਸਤੰਬਰ 2001 ਵਿੱਚ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਟਵਿਨ ਟਾਵਰਜ਼ ਤੇ ਅਲਕਾਇਦਾ ਵੱਲੋਂ ਹਵਾਈ ਜਹਾਜ਼ ਨਾਲ ਹਮਲਾ ਕੀਤਾ ਗਿਆ ਸੀ। ਇਸ ਵਿੱਚ ਨਵੇਂ ਨਗਰ ਨੂੰ ਨਿਊਯਾਰਕ ਸ਼ਹਿਰ ਨਾਲ, ਦੋ ਮਹਾਨ ਸ਼ਿਲਾਵਾਂ ਨੂੰ ਟਵਿਨ ਟਾਵਰਜ਼, ਧਰਤੀ ਨੂੰ ਹਿਲਾ ਦੇਣ ਵਾਲੀ ਅੱਗ ਨੂੰ ਹਵਾਈ ਜਹਾਜ਼ਾਂ ਨਾਲ ਹੋਏ ਵਿਸਫੋਟ ਅਤੇ ਨਵੀ ਨਦੀ ਦੇ ਖ਼ੂਨ ਨਾਲ ਭਰ ਦੇਣ ਨੂੰ ਹੋਏ ਭਿਆਨਕ ਜਾਨੀ ਤੇ ਮਾਲੀ ਨੂੰ ਨੁਕਸਾਨ ਨਾਲ ਜੋੜ ਕੇ ਵੇਖਿਆ ਗਿਆ।

ਇਸੇ ਤਰ੍ਹਾਂ ਉਸਨੇ ਆਪਣੀ ਮੌਤ ਦੇ ਦਿਨ, ਦੁਨੀਆਂ ਦੇ ਅੰਤ ਅਤੇ ਹੋਰ ਵੀ ਬਹੁਤ ਧਰਤੀ ਤੇ ਵਾਪਰਨ ਵਾਲੀਆਂ ਭਵਿੱਖਤ ਆਫਤਾਂ ਜਿਵੇਂ ਭੂਚਾਲ, ਹੜ੍ਹ, ਸੂਰਜੀ ਤੂਫ਼ਾਨ, ਆਕਾਸ਼ੀ ਅੱਗ ਬਾਰੇ ਭਵਿੱਖਬਾਣੀ ਕੀਤੀ। ਜੁਲਾਈ 1566 ਵਿੱਚ ਸੈਲਾਨ ਦੇ ਪ੍ਰੋਵਾਂਸ਼ (ਫਰਾਂਸ) ਵਿੱਚ ਉਸਨੇ ਆਪਣੇ ਜ਼ਿੰਦਗੀ ਦੇ ਆਖਰੀ ਸਾਹ ਲਏ।

ਨਾਸਤ੍ਰਾਦੇਮਸ ਦੀਆਂ ਭਵਿੱਖਬਾਣੀਆਂ ਰਹੱਸਮਈ ਅਤੇ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਹਮੇਸ਼ਾ ਤੋਂ ਹੀ ਰਹੀਆਂ ਹਨ। ਜਿਨ੍ਹਾਂ ਵਿੱਚ ਕਿਤੇ ਨਾ ਕਿਤੇ ਕੁਝ ਘਟਨਾਵਾਂ ਨਾਲ ਮੇਲ ਖਾਂਦੀਆਂ ਵੀ ਦਿਖਾਈ ਦਿੰਦੀਆਂ ਹਨ।ਉਹਨਾਂ ਨੇ ਲੋਕਾਂ ਨੂੰ ਭਵਿੱਖ ਦੇ ਪ੍ਰਤੀ ਜਾਗਰੂਕ ਅਤੇ ਸੋਚਣ ਲਈ ਮਜਬੂਰ ਕੀਤਾ।ਪਰ ਇਹ ਭਵਿੱਖਬਾਣੀਆਂ ਚਾਹੇ ਜਿੰਨੀਆਂ ਵੀ ਰਹੱਸਮਈ ਜਾਂ ਆਕਰਸ਼ਕ ਕਿਉਂ ਨਾ ਲੱਗਣ ਉਹਨਾਂ ਦਾ ਮੁਲਾਂਕਣ ਤੱਥਾਂ, ਤਰਕ ਅਤੇ ਆਲੋਚਨਾਤਮਕ ਸੋਚ ਦੇ ਅਧਾਰ ਤੇ ਕਰਨਾ ਜ਼ਰੂਰੀ ਹੈ।

ਲੇਖਕ:ਹਰਵਿੰਦਰ ਰੋਮੀ
ਸਸ ਅਧਿਆਪਕ, ਸਰਕਾਰੀ
ਸੀਨੀਅਰ ਸੈਕੰਡਰੀ ਸਕੂਲ,
ਜਲੂਰ(ਬਰਨਾਲਾ)

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022 - 2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

DIPS INSTITUTIONS CHAIN OF DIPS INSTITUTIONS KNOWLEDGE IS POWER
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com [dipsimt@gmail.com]
CONTACT : 95010-00697, 97806-00998